Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition
Vol : 4 : # ਅੰਕ 121 18/09/2025 www.samajweekly.com samajweekly @samajweekly samajweekly

# ਮੁੱਖ ਮੰਤਰੀ ਭਗਵੰਤ ਮਾਨ ਵੱਲੋਂ 'ਮਿਸ਼ਨ ਚੜ੍ਹਦੀ ਕਲਾ' ਦੀ ਸ਼ੁਰੂਆਤ

## ਪੰਜਾਬ ਨੂੰ ਮੁੜ ਪੈਰਾਂ 'ਤੇ ਮਜ਼ਬੂਤੀ ਨਾਲ ਖੜ੍ਹਾ ਕਰਨ ਲਈ ਸਮੂਹ ਪੰਜਾਬੀਆਂ ਨੂੰ ਸਾਥ ਦੇਣ ਦਾ ਸੱਦਾ

ਚੰਡੀਗੜ੍ਹ: ਪੰਜਾਬ ਦੇ ਹੜ੍ਹ ਪੀੜਤਾਂ ਦੇ ਮੁੜ ਵਸੇਬੇ ਲਈ ਯਤਨਾਂ ਨੂੰ ਤੇਜ਼ ਕਰਦਿਆਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ 'ਮਿਸ਼ਨ ਚੜ੍ਹਦੀ ਕਲਾ' ਦੀ ਸ਼ੁਰੂਆਤ ਕੀਤੀ ਹੈ। ਇਸ ਮਿਸ਼ਨ ਦੇ ਤਹਿਤ ਪੰਜਾਬ ਸਰਕਾਰ ਵੱਲੋਂ ਸੂਬੇ ਵਿੱਚ ਹੜ੍ਹ ਪ੍ਰਭਾਵਿਤ ਲੋਕਾਂ ਨੂੰ ਮੁੜ ਆਪਣੇ ਪੈਰਾਂ 'ਤੇ ਖੜ੍ਹਾ ਕਰਨ ਲਈ ਕੀਤੀਆਂ ਜਾ ਰਹੀਆਂ ਕੋਸ਼ਿਸ਼ਾਂ ਵਾਸਤੇ ਫੰਡ ਜੁਟਾਉਣ ਲਈ ਆਲਮੀ ਪੱਧਰ 'ਤੇ ਮੁਹਿੰਮ ਚਲਾਈ ਜਾਵੇਗੀ। ਇਕ ਵੀਡੀਓ ਸੰਦੇਸ਼ ਵਿੱਚ ਮੁੱਖ ਮੰਤਰੀ ਨੇ ਕਿਹਾ ਕਿ ਬੀਤੇ ਸਮੇਂ ਵਿੱਚ ਸੂਬਾ ਇਕ ਅਜਿਹੇ ਔਖੇ ਦੌਰ ਵਿੱਚੋਂ ਗੁਜ਼ਰਿਆ ਹੈ ਜਿਸ ਨੂੰ ਸਾਡੀਆਂ ਪੀੜ੍ਹੀਆਂ ਕਦੇ ਵੀ ਭੁਲਾ ਨਹੀਂ ਸਕਣਗੀਆਂ। ਉਨ੍ਹਾਂ ਕਿਹਾ ਕਿ ਹੜ੍ਹਾਂ ਨੇ ਸਿਰਫ ਪਾਣੀ ਦਾ ਕਹਿਰ ਨਹੀਂ ਢਾਹਿਆ ਸਗੋਂ ਲੱਖਾਂ ਸੁਪਨੇ ਵੀ ਇਸ ਦੇ ਪਾਣੀਆਂ ਵਿੱਚ ਵਹਿ ਗਏ। ਭਗਵੰਤ ਸਿੰਘ ਮਾਨ ਨੇ ਕਿਹਾ ਕਿ 2300 ਪਿੰਡ ਡੁੱਬ ਗਏ ਹਨ, 20 ਲੱਖ ਲੋਕ ਪ੍ਰਭਾਵਿਤ ਹੋਏ ਹਨ, ਪੰਜ ਲੱਖ ਏਕੜ ਫਸਲ ਤਬਾਹ ਹੋ ਗਈ ਹੈ, 56 ਕੀਮਤੀ ਜਾਨਾਂ ਚਲੀਆਂ ਅਤੇ 7 ਲੱਖ ਲੋਕ ਬੇਘਰ ਹੋ ਗਏ। ਇਸ ਦੌਰਾਨ ਮੁੱਖ ਮੰਤਰੀ ਨੇ ਕਿਹਾ ਕਿ 3200 ਸਕੂਲ ਬਰਬਾਦ ਹੋ ਗਏ, 19 ਕਾਲਜ ਮਲਬੇ ਵਿੱਚ ਬਦਲ ਗਏ, 1400 ਕਲੀਨਿਕ ਤੇ ਹਸਪਤਾਲ ਖੰਡਰ ਬਣ ਗਏ ਹਨ, 8500 ਕਿਲੋਮੀਟਰ ਸੜਕਾਂ ਦੀ ਹਾਲਤ ਬਦਤਰ ਹੋ ਗਈ ਅਤੇ 2500 ਪੁਲ ਢਹਿ ਗਏ। ਉਨ੍ਹਾਂ ਕਿਹਾ ਕਿ ਮੁਢਲੇ ਅਨੁਮਾਨਾਂ ਮੁਤਾਬਕ 13,800 ਕਰੋੜ ਰੁਪਏ ਦਾ ਘਾਟਾ ਪਿਆ ਹੈ ਜਦਕਿ ਨੁਕਸਾਨ ਇਸ ਤੋਂ ਵੀ ਕਿਤੇ ਵੱਧ ਹੋ ਸਕਦਾ ਹੈ। ਭਗਵੰਤ ਸਿੰਘ ਮਾਨ ਨੇ ਕਿਹਾ



ਕਿ ਭਾਵੇਂ ਇਹ ਪੰਜਾਬ ਦੇ ਇਤਿਹਾਸ ਦਾ ਸਭ ਤੋਂ ਭਿਆਨਕ ਦੁਖਾਂਤ ਹੈ, ਪਰ ਇਸ ਦੇ ਨਾਲ ਇਹ ਪੰਜਾਬ ਲਈ ਸਭ ਤੋਂ ਵੱਡੀ ਇਮਤਿਹਾਨ ਦੀ ਘੜੀ ਹੈ। ਉਨ੍ਹਾਂ ਕਿਹਾ ਕਿ ਇਤਿਹਾਸ ਗਵਾਹ ਹੈ ਕਿ ਜਦੋਂ ਵੀ ਪੰਜਾਬ ਨੇ ਕਿਸੇ ਸੰਕਟ ਦਾ ਸਾਹਮਣਾ ਕੀਤਾ ਹੈ, ਪੰਜਾਬੀ ਕਦੇ ਸੰਕਟ ਦੇ ਸਾਹਮਣੇ ਝੁਕੇ ਨਹੀਂ ਸਗੋਂ ਹਮੇਸ਼ਾ ਚਟਾਨ ਵਾਂਗ ਹਿੱਕ ਤਾਣ ਕੇ ਖੜ੍ਹੇ ਹੋਏ ਹਾਂ। ਮੁੱਖ ਮੰਤਰੀ ਨੇ ਕਿਹਾ ਕਿ ਹੜ੍ਹਾਂ ਦੇ ਦੌਰਾਨ ਵੀ ਨੌਜਵਾਨ ਆਪਣੀ ਜਾਨ ਜ਼ੋਖਮ ਵਿੱਚ ਪਾ ਕੇ ਲੋਕਾਂ ਨੂੰ ਬਚਾ ਰਹੇ ਸਨ। ਉਨ੍ਹਾਂ ਕਿਹਾ ਕਿ ਕਿਵੇਂ ਗੁਰਦੁਆਰੇ, ਮੰਦਰ ਅਤੇ ਹੋਰ ਧਾਰਮਿਕ ਅਸਥਾਨ ਮਦਦ ਲਈ ਆਪਣੇ ਦਰਵਾਜ਼ੇ ਖੋਲ੍ਹ ਰਹੇ ਸਨ ਅਤੇ ਲੰਗਰ ਚਲਾ ਰਹੇ ਸਨ, ਕਿਵੇਂ ਪੂਰਾ ਪੰਜਾਬ ਮਾਲਾ ਦੇ ਮਣਕਿਆਂ ਵਾਂਗ ਇਕਜੁੱਟ ਹੋ ਕੇ ਪਰਿਵਾਰ ਵਾਂਗ ਖੜ੍ਹਾ ਹੋਇਆ। ਉਨ੍ਹਾਂ ਕਿਹਾ ਕਿ ਇਹੀ ਸਾਡੀ ਸਭ ਤੋਂ ਵੱਡੀ ਤਾਕਤ ਅਤੇ ਵਿਲੱਖਣਤਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਹੁਣ ਸਮਾਂ ਰਾਹਤ ਅਤੇ ਪੁਨਰਵਾਸ ਤੋਂ ਅੱਗੇ ਵਧਣ ਦਾ ਆ ਗਿਆ ਹੈ ਕਿਉਂਕਿ ਸਾਡੇ ਕਿਸਾਨਾਂ ਨੂੰ ਦੁਬਾਰਾ ਖੇਤੀ ਕਰਨ ਦੀ ਲੋੜ ਹੈ, ਬੱਚਿਆਂ ਨੂੰ ਮੁੜ ਸਕੂਲ ਜਾਣਾ ਹੋਵੇਗਾ ਅਤੇ ਹੜ੍ਹ ਪੀੜਤ ਪਰਿਵਾਰਾਂ ਨੇ ਮੁੜ ਆਪਣੇ ਘਰ ਵਸਾਉਣੇ ਹਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਨ੍ਹਾਂ ਚੁਣੌਤੀਪੂਰਨ ਪ੍ਰਸਥਿਤੀਆਂ ਦੇ ਮੱਦੇਨਜ਼ਰ 'ਮਿਸ਼ਨ ਚੜ੍ਹਦੀ ਕਲਾ' ਦੀ ਸ਼ੁਰੂਆਤ ਕੀਤੀ ਗਈ ਹੈ। ਚੜ੍ਹਦੀ ਕਲਾ ਦਾ ਭਾਵ ਔਖੇ ਤੋਂ ਔਖੇ ਸਮੇਂ ਵਿੱਚ ਵੀ ਹੌਂਸਲੇ ਬੁਲੰਦ ਰੱਖਣਾ। ਹਰ ਦੁੱਖ ਵਿੱਚ ਵੀ ਮਜ਼ਬੂਤ ਰਹਿਣਾ। ਹਰ ਹਨੇਰੇ ਵਿੱਚ ਵੀ ਉਮੀਦਾਂ ਦੇ ਦੀਵੇ ਜਗਾਈ ਰੱਖਣਾ ਹੈ।

# ਟਰੰਪ ਵੱਲੋਂ ਭਾਰਤ ਤੇ ਚੀਨ ਸਣੇ 23 ਮੁਲਕ ਗੈਰਕਾਨੂੰਨੀ ਨਸ਼ਾ ਉਤਪਾਦਕਾਂ ਵਜੋਂ ਨਾਮਜ਼ਦ

**ਨਿਊ ਯਾਰਕ/ਵਾਸ਼ਿੰਗਟਨ,** ਰਾਸ਼ਟਰਪਤੀ ਡੋਨਲਡ ਟਰੰਪ ਨੇ ਚੀਨ, ਅਫ਼ਗ਼ਾਨਿਸਤਾਨ, ਭਾਰਤ ਤੇ ਪਾਕਿਸਤਾਨ ਨੂੰ 23 ਪ੍ਰਮੁੱਖ ਨਸ਼ੀਲੇ ਪਦਾਰਥਾਂ ਦੀ ਆਮਦੋਰਫ਼ਤ ਜਾਂ ਪ੍ਰਮੁੱਖ ਗੈਰ-ਕਾਨੂੰਨੀ ਨਸ਼ੀਲੇ ਪਦਾਰਥ ਉਤਪਾਦਕ ਦੇਸ਼ਾਂ ਵਿੱਚ ਸ਼ਾਮਲ ਕਰਦਿਆਂ ਕਿਹਾ ਕਿ ਗੈਰਕਾਨੂੰਨੀ ਨਸ਼ੀਲੇ ਪਦਾਰਥਾਂ ਅਤੇ ਰਸਾਇਣਾਂ ਦਾ ਨਿਰਮਾਣ ਅਤੇ ਤਸਕਰੀ ਕਰਕੇ ਇਹ ਦੇਸ਼ ਅਮਰੀਕਾ ਅਤੇ ਇਸ ਦੇ ਨਾਗਰਿਕਾਂ ਦੀ ਸੁਰੱਖਿਆ ਲਈ ਖ਼ਤਰਾ ਬਣ ਰਹੇ ਹਨ। ਸੋਮਵਾਰ ਨੂੰ ਕਾਂਗਰਸ ਨੂੰ ਸੌਂਪੇ ਗਏ 'ਰਾਸ਼ਟਰਪਤੀ ਨਿਰਧਾਰਨ' ਵਿੱਚ ਟਰੰਪ ਨੇ ਕਿਹਾ ਕਿ ਉਨ੍ਹਾਂ 23 ਦੇਸ਼ਾਂ ਦੀ 'ਪ੍ਰਮੁੱਖ ਨਸ਼ੀਲੇ ਪਦਾਰਥਾਂ ਦੀ ਆਵਾਜਾਈ ਜਾਂ ਪ੍ਰਮੁੱਖ ਗੈਰ-ਕਾਨੂੰਨੀ ਨਸ਼ੀਲੇ ਪਦਾਰਥ ਉਤਪਾਦਕ' ਦੇਸ਼ਾਂ ਵਜੋਂ ਪਛਾਣ ਕੀਤੀ ਹੈ। ਇਹ ਦੇਸ਼



ਅਫਗਾਨਿਸਤਾਨ, ਬਹਾਮਾਸ, ਭਇਲਿਜ਼ਇ, ਬੋਲਿਵੀਆ, ਬਰਮਾ, ਚੀਨ, ਕੋਲੰਬੀਆ, ਕੋਸਟਾ ਰੀਕਾ, ਡੋਮਿਨਿਕਨ ਰਿਪਬਲਿਕ, ਇਕੁਆਡੋਰ, ਅਲ ਸਲਵਾਡੋਰ, ਗੁਆਟੇਮਾਲਾ, ਹੈਤੀ, ਹੋਂਡੂਰਸ, ਭਾਰਤ, ਜਮਾਇਕਾ, ਲਾਓਸ, ਮੈਕਸਿਕੋ, ਨਿਕਾਰਾਗੁਆ, ਪਾਕਿਸਤਾਨ, ਪਨਾਮਾ, ਪੇਰੂ ਅਤੇ ਵੈਨੇਜ਼ੁਏਲਾ ਹਨ। ਵ੍ਹਾਈਟ ਹਾਊਸ ਨੇ ਕਿਹਾ ਕਿ ਟਰੰਪ ਨੇ ਕਾਂਗਰਸ ਨੂੰ 'ਪ੍ਰਮੁੱਖ ਦੇਸ਼ਾਂ ਦੀ ਸੂਚੀ' ਸੌਂਪੀ, ਜਿਸ ਵਿੱਚ ਇਨ੍ਹਾਂ ਦੇਸ਼ਾਂ ਨੂੰ ਅਮਰੀਕਾ ਵਿੱਚ ਗੈਰਕਾਨੂੰਨੀ ਨਸ਼ੀਲੇ ਪਦਾਰਥਾਂ ਦੀ ਸਪਲਾਈ ਅਤੇ ਆਵਾਜਾਈ ਲਈ ਜ਼ਿੰਮੇਵਾਰ ਠਹਿਰਾਇਆ ਗਿਆ ਹੈ। ਵਿਦੇਸ਼ ਵਿਭਾਗ ਨੇ ਇਨ੍ਹਾਂ 23 ਦੇਸ਼ਾਂ ਦੇ ਰਾਸ਼ਟਰਪਤੀ ਨਿਰਧਾਰਨ ਦਾ ਐਲਾਨ ਕੀਤਾ, ਜਿਸ ਵਿੱਚ ਪੰਜ ਦੇਸ਼ਾਂ ਅਫਗਾਨਿਸਤਾਨ, ਬੋਲਿਵੀਆ, ਬਰਮਾ, ਕੋਲੰਬੀਆ ਅਤੇ ਵੈਨੇਜ਼ੁਏਲਾ ਨੂੰ 'ਲੋੜੀਂਦੀਆਂ ਕੋਸ਼ਿਸ਼ਾਂ ਵਿੱਚ ਨਾਕਾਮ' ਰਹਿਣ ਵਜੋਂ ਸੂਚੀਬੱਧ ਕੀਤਾ ਗਿਆ ਹੈ। ਇਨ੍ਹਾਂ ਮੁਲਕਾਂ ਨੂੰ ਆਪਣੇ ਨਸ਼ੀਲੇ ਪਦਾਰਥ ਵਿਰੋਧੀ ਯਤਨਾਂ ਨੂੰ ਬਿਹਤਰ ਬਣਾਉਣ ਦਾ ਸੱਦਾ ਦਿੱਤਾ ਗਿਆ ਹੈ।

# ਹੁਣ ਈ.ਵੀ.ਐਮ. ਉਤੇ ਹੋਣਗੀਆਂ ਉਮੀਦਵਾਰਾਂ ਦੀਆਂ ਰੰਗੀਨ ਤਸਵੀਰਾਂ

**ਨਵੀਂ ਦਿੱਲੀ ।** ਬਿਹਾਰ ਵਿਧਾਨ ਸਭਾ ਚੋਣਾਂ ਤੋਂ ਸ਼ੁਰੂ ਹੋ ਕੇ ਇਲੈਕਟ੍ਰਾਨਿਕ ਵੋਟਿੰਗ ਮਸ਼ੀਨਾਂ (ਈ.ਵੀ.ਐੱਮ.) 'ਚ ਹੁਣ ਉਮੀਦਵਾਰਾਂ ਦੀਆਂ ਰੰਗੀਨ ਤਸਵੀਰਾਂ ਹੋਣਗੀਆਂ।

### ਉਮੀਦਵਾਰ ਦੇ ਚਿਹਰੇ ਬਿਹਤਰ ਦਿੱਖ ਲਈ ਤਸਵੀਰ ਵੀ ਪਹਿਲਾਂ ਨਾਲੋਂ ਵੱਡੀ ਹੋਵੇਗੀ



ਸਾਲ 2015 ਤੋਂ ਈ.ਵੀ.ਐਮ. ਉਤੇ ਚਿਪਕਾਏ ਗਏ ਬੈਲਟ ਪੇਪਰਾਂ ਉਤੇ ਉਮੀਦਵਾਰਾਂ ਦੀਆਂ 'ਬਲੈਕ ਐਂਡ ਵਾਈਟ' ਤਸਵੀਰਾਂ ਹੁੰਦੀਆਂ ਸਨ, ਜਿਨ੍ਹਾਂ ਨੂੰ ਪਛਾਣਨਾ ਬਹੁਤ ਸਾਰੇ ਵੋਟਰਾਂ ਲਈ ਮੁਸ਼ਕਲ ਹੁੰਦਾ ਸੀ। ਚੋਣ ਕਮਿਸ਼ਨ ਨੇ ਬੁਧਵਾਰ ਨੂੰ ਕਿਹਾ ਕਿ ਹੁਣ ਮਸ਼ੀਨਾਂ ਉਤੇ ਲੜੀ ਨੰਬਰ ਵੀ ਵਧੇਰੇ ਪ੍ਰਮੁੱਖਤਾ ਨਾਲ ਪ੍ਰਦਰਸ਼ਿਤ ਕੀਤਾ ਜਾਵੇਗਾ। ਚੋਣ ਅਥਾਰਿਟੀ ਨੇ ਈ.ਵੀ.ਐਮ. ਬੈਲਟ ਪੇਪਰਾਂ ਦੀ ਸਪੱਸ਼ਟਤਾ ਅਤੇ ਪੜ੍ਹਨਯੋਗਤਾ ਵਧਾਉਣ ਲਈ ਉਨ੍ਹਾਂ ਦੇ ਡਿਜ਼ਾਈਨ ਅਤੇ ਛਪਾਈ ਲਈ ਚੋਣ ਨਿਯਮ, 1961 ਦੀ ਧਾਰਾ 49 ਬੀ ਦੇ ਤਹਿਤ ਮੌਜੂਦਾ ਹਦਾਇਤਾਂ ਵਿਚ ਸੋਧ ਕੀਤੀ ਹੈ। ਇਸ ਤੋਂ ਬਾਅਦ ਈ.ਵੀ.ਐਮ. ਬੈਲਟ ਪੇਪਰ ਉਤੇ ਉਮੀਦਵਾਰਾਂ ਦੀਆਂ ਰੰਗੀਨ ਤਸਵੀਰਾਂ ਛਾਪੀਆਂ ਜਾਣਗੀਆਂ। ਉਮੀਦਵਾਰ ਦੇ ਚਿਹਰੇ ਦੀ ਬਿਹਤਰ ਦਿੱਖ ਲਈ ਤਸਵੀਰ ਵੀ ਪਹਿਲਾਂ ਨਾਲੋਂ ਵੱਡੀ ਹੋਵੇਗੀ।

# ਪਰਾਲੀ ਨੂੰ ਸਾੜਨ ਵਾਲੇ ਕੁਝ ਕਿਸਾਨਾਂ ਨੂੰ ਜੇਲ੍ਹ ਭੇਜੋਗੇ ਤਾਂ ਸਭ ਠੀਕ ਹੋ ਜਾਵੇਗਾ: ਸੁਪਰੀਮ ਕੋਰਟ

**ਨਵੀ ਦਿੱਲੀ।** ਸੁਪਰੀਮ ਕੋਰਟ ਨੇ ਦਿੱਲੀ-ਐਨਸੀਆਰ ਵਿੱਚ ਪਰਾਲੀ ਸਾੜਨ ਦੇ ਮੁੱਦੇ 'ਤੇ ਸਖ਼ਤ ਰੁਖ਼ ਅਪਣਾਉਂਦੇ ਹੋਏ ਕਿਹਾ ਹੈ ਕਿ ਕੁਝ ਕਿਸਾਨਾਂ ਜੋ ਵਾਰ-ਵਾਰ ਨਿਯਮਾਂ ਦੀ ਉਲੰਘਣਾ ਕਰਦੇ ਹਨ, ਨੂੰ ਪਹਿਲਾਂ ਜੇਲ੍ਹ ਜਾਣਾ ਚਾਹੀਦਾ ਹੈ। ਸੁਪਰੀਮ ਕੋਰਟ ਨੇ ਕਿਹਾ ਕਿ ਜੇਕਰ ਕੁਝ ਪਰਾਲੀ ਸਾੜਨ ਵਾਲਿਆਂ ਨੂੰ ਜੇਲ੍ਹ ਭੇਜ ਦਿੱਤਾ ਜਾਂਦਾ ਹੈ, ਤਾਂ ਸਭ ਕੁਝ ਠੀਕ ਹੋ ਜਾਵੇਗਾ ਕਿਉਂਕਿ ਇਹ ਇੱਕ ਮਿਸਾਲ ਕਾਇਮ ਕਰੇਗਾ। ਅਦਾਲਤ ਨੇ ਸਖ਼ਤ ਲਹਿਜੇ ਵਿੱਚ ਕਿਹਾ ਕਿ ਉਹ ਪਰਾਲੀ ਸਾੜਨ ਵਾਲੇ ਕਿਸਾਨਾਂ ਵਿਰੁੱਧ ਕਾਰਵਾਈ ਚਾਹੁੰਦੀ ਹੈ। ਇਸ ਨੇ ਕੇਂਦਰੀ ਪ੍ਰਦੂਸ਼ਣ ਕੰਟਰੋਲ ਬੋਰਡ ਅਤੇ ਏਅਰ ਕੁਆਲਿਟੀ ਮੈਨੇਜਮੈਂਟ ਕਮਿਸ਼ਨ ਨੂੰ ਤਿੰਨ ਮਹੀਨਿਆਂ ਦੇ ਅੰਦਰ ਸਾਰੀਆਂ ਖਾਲੀ ਅਸਾਮੀਆਂ ਭਰਨ ਦਾ ਵੀ ਨਿਰਦੇਸ਼ ਦਿੱਤਾ। ਦਿੱਲੀ-




ਐਨਸੀਆਰ ਵਿੱਚ ਹਰ ਸਾਲ ਅਕਤੂਬਰ ਵਿੱਚ ਹੋਣ ਵਾਲੇ ਹਵਾ ਪ੍ਰਦੂਸ਼ਣ ਨਾਲ ਸਬੰਧਤ ਪਟੀਸ਼ਨਾਂ 'ਤੇ ਸੁਣਵਾਈ ਕਰਦੇ ਹੋਏ, ਭਾਰਤ ਦੇ ਚੀਫ਼ ਜਸਟਿਸ (ਸੀਜੇਆਈ) ਜਸਟਿਸ ਬੀਆਰ ਗਵਈ ਨੇ ਬੁੱਧਵਾਰ ਨੂੰ ਕਿਹਾ ਕਿ ਪਰਾਲੀ ਸਾੜਨ ਲਈ ਕੁਝ ਕਿਸਾਨਾਂ ਨੂੰ ਜੇਲ੍ਹ ਭੇਜਣ ਨਾਲ ਦੂਜਿਆਂ ਨੂੰ ਸਖ਼ਤ ਸੁਨੇਹਾ ਜਾ ਸਕਦਾ ਹੈ। ਉਨ੍ਹਾਂ ਪੁੱਛਿਆ ਕਿ ਸਰਕਾਰ ਕਿਸਾਨਾਂ ਵਿਰੁੱਧ ਕਾਰਵਾਈ ਕਰਨ ਤੋਂ ਕਿਉਂ ਝਿਜਕ ਰਹੀ ਹੈ।

**ਤਿੰਨ ਮਹੀਨਿਆਂ ਦੇ ਅੰਦਰ ਖਾਲੀ ਅਸਾਮੀਆਂ ਭਰੋ**

ਸੁਪਰੀਮ ਕੋਰਟ ਨੇ ਪ੍ਰਦੂਸ਼ਣ ਕੰਟਰੋਲ ਬੋਰਡਾਂ ਵਿੱਚ ਖਾਲੀ ਅਸਾਮੀਆਂ ਲਈ ਰਾਜਾਂ ਨੂੰ ਵੀ ਫਟਕਾਰ ਲਗਾਈ ਅਤੇ ਦਿੱਲੀ, ਉੱਤਰ ਪ੍ਰਦੇਸ਼, ਹਰਿਆਣਾ, ਰਾਜਸਥਾਨ ਅਤੇ ਪੰਜਾਬ ਦੀ ਸਰਹੱਦ ਨਾਲ ਲੱਗਦੇ ਰਾਜਾਂ ਨੂੰ ਤਿੰਨ ਮਹੀਨਿਆਂ ਦੇ ਅੰਦਰ ਖਾਲੀ ਅਸਾਮੀਆਂ ਭਰਨ ਦੇ ਨਿਰਦੇਸ਼ ਦਿੱਤੇ। ਸੁਪਰੀਮ ਕੋਰਟ ਨੇ ਹਵਾ ਪ੍ਰਦੂਸ਼ਣ ਨੂੰ ਰੋਕਣ ਦੇ ਉਪਾਵਾਂ ਬਾਰੇ ਏਅਰ ਕੁਆਲਿਟੀ ਮੈਨੇਜਮੈਂਟ ਕਮਿਸ਼ਨ ਤੋਂ ਤਿੰਨ ਹਫ਼ਤਿਆਂ ਦੇ ਅੰਦਰ ਰਿਪੋਰਟ ਮੰਗੀ ਹੈ। ਇਸ ਤੋਂ ਇਲਾਵਾ, ਅਦਾਲਤ ਨੇ ਏਅਰ ਕੁਆਲਿਟੀ ਮੈਨੇਜਮੈਂਟ ਕਮਿਸ਼ਨ ਅਤੇ ਰਾਜ ਪ੍ਰਦੂਸ਼ਣ ਕੰਟਰੋਲ ਬੋਰਡਾਂ ਨੂੰ ਹਵਾ ਪ੍ਰਦੂਸ਼ਣ ਨੂੰ ਰੋਕਣ ਲਈ ਵਿਚਾਰ-ਵਟਾਂਦਰਾ ਕਰਨ ਅਤੇ ਯੋਜਨਾਵਾਂ ਬਣਾਉਣ ਦੇ ਨਿਰਦੇਸ਼ ਦਿੱਤੇ ਹਨ।

## ਮਾਸਕੋ ਪੜ੍ਹਨ ਗਏ ਬੀਕਾਨੇਰ ਦੇ ਨੌਜਵਾਨ ਨੂੰ ਜਬਰੀ ਫ਼ੌਜ ਵਿਚ ਕੀਤਾ ਭਰਤੀ, ਨੌਜਵਾਨ ਨੇ ਵੀਡੀਓ ਬਣਾ ਕੇ ਪ੍ਰਵਾਰ ਨੂੰ ਭੇਜੇ



**ਰਾਜਸਥਾਨ।** ਰਾਜਸਥਾਨ ਦੇ ਇੱਕ ਵਿਦਿਆਰਥੀ, ਜੋ ਰੂਸ ਦੇ ਮਾਸਕੋ ਵਿੱਚ ਪੜ੍ਹਾਈ ਕਰਨ ਗਿਆ ਸੀ, ਨੇ ਦਾਅਵਾ ਕੀਤਾ ਹੈ ਕਿ ਉਸ ਨੂੰ ਜੰਗੀ ਖੇਤਰ ਵਿੱਚ ਧੱਕ ਦਿੱਤਾ ਗਿਆ ਸੀ। ਉਸ ਨੇ ਆਪਣੇ ਪਰਿਵਾਰ ਨੂੰ ਦੋ ਵੀਡੀਓ ਵੀ ਭੇਜੇ ਹਨ ਜਿਸ ਵਿੱਚ ਉਹ ਫੌਜੀ ਵਰਦੀ ਵਿੱਚ ਦਿਖਾਈ ਦੇ ਰਿਹਾ ਹੈ। ਉਸ ਨੇ ਦਾਅਵਾ ਕੀਤਾ ਹੈ ਕਿ ਇੱਥੇ ਉਸ ਦੇ ਵਰਗੇ ਹੋਰ ਵੀ ਬਹੁਤ ਸਾਰੇ ਵਿਦਿਆਰਥੀ ਹਨ। ਉਸ ਦਾ ਇੱਕ ਦੋਸਤ ਵੀ ਰੂਸ-ਯੂਕਰੇਨ ਯੁੱਧ ਵਿੱਚ ਮਾਰਿਆ ਗਿਆ ਸੀ। ਵੀਡੀਓ ਸਾਹਮਣੇ ਆਉਣ ਤੋਂ ਬਾਅਦ ਪਰਿਵਾਰ ਪਰੇਸ਼ਾਨ ਹੈ। ਮਾਪਿਆਂ ਦਾ ਰੋ-ਰੋ ਬੁਰਾ ਹਾਲ ਹੈ। ਉਹ ਸਰਕਾਰ ਤੋਂ ਆਪਣੇ ਇਕਲੌਤੇ ਪੁੱਤਰ ਨੂੰ ਵਾਪਸ ਲਿਆਉਣ ਦੀ ਮੰਗ ਕਰ ਰਹੇ ਹਨ। ਅਜੈ ਬੀਕਾਨੇਰ ਦੇ ਅਰਜਨਸਰ ਪਿੰਡ ਦਾ ਰਹਿਣ ਵਾਲਾ ਹੈ। ਨਵੰਬਰ 2024 ਵਿੱਚ, ਅਜੈ ਭਾਸ਼ਾਵਾਂ ਦੀ ਪੜ੍ਹਾਈ ਲਈ ਮਾਸਕੋ ਗਿਆ ਸੀ। 11 ਸਤੰਬਰ ਨੂੰ, ਉਸ ਨੇ ਆਪਣੇ ਪਰਿਵਾਰ ਨੂੰ ਦੋ ਵੀਡੀਓ ਭੇਜੇ। ਅਜੇ ਨੇ ਕਿਹਾ ਕਿ ਨਵੰਬਰ ਤੋਂ ਬਾਅਦ, ਉਸ ਨੂੰ ਅਤੇ ਉਸ ਦੇ ਕੁਝ ਦੋਸਤਾਂ ਨੂੰ ਰੂਸੀ ਸਰਕਾਰ ਨੇ ਇੱਕ ਸਿਖਲਾਈ ਕੈਂਪ ਵਿੱਚ ਭੇਜਿਆ ਸੀ। ਸਿਖਲਾਈ ਤੋਂ ਬਾਅਦ, ਉਨ੍ਹਾਂ ਨੂੰ ਯੁੱਧ ਲਈ ਭੇਜ ਦਿੱਤਾ ਗਿਆ।ਅਜੈ ਦੀ ਮਾਂ ਨੇ ਕਿਹਾ ਕਿ ਅਸੀਂ ਕਿੱਥੇ ਜਾਈਏ, ਸਾਡੀ ਮਦਦ ਕੌਣ ਕਰੇਗਾ। ਅਸੀਂ ਸਰਕਾਰ ਨੂੰ ਬੇਨਤੀ ਕਰ ਰਹੇ ਹਾਂ ਕਿ ਸਾਡੇ ਇਕਲੌਤੇ ਪੁੱਤਰ ਨੂੰ ਕਿਸੇ ਤਰ੍ਹਾਂ ਵਾਪਸ ਲਿਆਂਦਾ ਜਾਵੇ। ਸਾਡੇ ਕੋਲ ਉਸ ਤੋਂ ਇਲ-ਾਵਾ ਹੋਰ ਕੋਈ ਨਹੀਂ ਹੈ। ਅਸੀਂ ਉਸ ਨੂੰ ਬਹੁਤ ਸਾਰੀਆਂ ਉਮੀਦਾਂ ਨਾਲ ਪੜ੍ਹਨ ਲਈ ਭੇਜਿਆ ਸੀ, ਸਾਨੂੰ ਨਹੀਂ ਪਤਾ ਸੀ ਕਿ ਉਹ ਇਸ ਤਰ੍ਹਾਂ ਉੱਥੇ ਫਸ ਜਾਵੇਗਾ। ਅਜੇ ਦੇ ਪਿਤਾ ਦਾ ਕਹਿਣਾ ਹੈ ਕਿ ਉਹ ਪਿਛਲੇ 15 ਦਿਨਾਂ ਤੋਂ ਆਪਣੇ ਪੁੱਤਰ ਨਾਲ ਸੰਪਰਕ ਨਹੀਂ ਕਰ ਸਕਿਆ ਹੈ। ਅਜਿਹੀ ਸਥਿਤੀ ਵਿੱਚ, ਉਹ ਆਪਣੇ ਪੁੱਤਰ ਦੀ ਸੁਰੱਖਿਆ ਬਾਰੇ ਵੀ ਚਿੰਤਤ ਹੈ। ਉਸ ਨੂੰ ਇਹ ਕਹਿ ਕੇ ਫੌਜ ਵਿੱਚ ਭਰਤੀ ਕੀਤਾ ਗਿਆ ਸੀ ਕਿ ਇਹ ਤਿੰਨ ਮਹੀਨਿਆਂ ਦੀ ਇੱਕ ਆਮ ਸਿਖਲਾਈ ਸੀ।


VACANCY

URGENT REQUIREMENT

Company Name - Rk Drafting Hub

Working Place - Office In Nakodar

2 Hiring For

Architecture Draftperson Or Civil Engineer.

Starting Salary Rs. 15000 Per Month.

Exprience Requirement -

Auto Cad (Must Required) Sketch Up

Do not call, only send the CV

on Whatsapp number - 98723 76093

Email: rk_drafting_hub@outlook.com



Samaj Weekly

ਸਮਾਜ ਵੀਕਲੀ



Editor-in-chief

Devinder Chander

+44 7878 456 484

Editorial Office

Samaj Weekly

Samaj Media Enterprise Ltd

46 Summer Road

Erdington,Birmingham UK

B23 6UR

+44 7878 456 484

+44 121 565 4810

info@samajweekly.com

samajweekly@gmail.com



ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।


## ਸਰਹੱਦ ਪਾਰੋਂ ਚੱਲ ਰਹੇ ਅੱਤਵਾਦੀ ਨੈੱਟਵਰਕ ਦਾ ਇੱਕ ਮੈਂਬਰ ਕਾਬੂ

**ਅੰਮ੍ਰਿਤਸਰ।** ਅੰਮ੍ਰਿਤਸਰ ਕਮਿਸ਼ਨਰੇਟ ਪੁਲੀਸ ਨੇ ਸਰਹੱਦ ਪਾਰੋਂ ਨਸ਼ੀਲੇ ਪਦਾਰਥਾਂ ਦੇ ਅੱਤਵਾਦੀ ਨੈੱਟਵਰਕ ਦੇ ਇੱਕ ਮੈਂਬਰ ਨੂੰ ਛੇਹਰਟਾ ਦੇ ਵਡਾਲੀ ਤੋਂ ਗ੍ਰਿਫ਼ਤਾਰ ਕੀਤਾ ਹੈ। ਗ੍ਰਿਫ਼ਤਾਰ ਨੌਜਵਾਨ ਦੀ ਪਛਾਣ ਯਾਸੀਨ ਮੁਹੰਮਦ ਵਜੋਂ ਹੋਈ ਹੈ, ਜਿਸ ਕੋਲੋਂ 7.122 ਕਿਲੋਗ੍ਰਾਮ ਹੈਰੋਇਨ ਬਰਾਮਦ ਕੀਤੀ ਗਈ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਪੰਜਾਬ ਦੇ ਡੀ. ਜੀ. ਪੀ. ਗੌਰਵ ਯਾਦਵ ਨੇ ਦੱਸਿਆ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਇਸ ਗਿਰੋਹ ਨੂੰ ਮੋਗਾ ਦਾ ਰਹਿਣ ਵਾਲਾ ਜਗਪ੍ਰੀਤ ਸਿੰਘ ਉਰਫ਼ ਜੱਗਾ ਚਲਾ ਰਿਹਾ ਸੀ। ਉਹ ਪਾਕਿਸਤਾਨ ਸਥਿਤ ਤਸਕਰਾਂ ਦੇ ਸੰਪਰਕ ਵਿੱਚ ਸੀ ਅਤੇ ਉਨ੍ਹਾਂ ਦੇ ਨਿਰਦੇਸ਼ਾਂ ਤੇ ਪੰਜਾਬ ਦੇ ਮਾਲਵਾ ਖੇਤਰ ਵਿੱਚ ਹੈਰੋਇਨ ਸਪਲਾਈ ਕਰਦਾ ਸੀ। ਇਸ ਮਾਮਲੇ ਵਿੱਚ ਅੰਮ੍ਰਿਤਸਰ ਦੇ ਥਾਣਾ ਛੇਹਰਟਾ ਵਿਖੇ




ਇਕ ਕੇਸ ਦਰਜ ਕੀਤਾ ਗਿਆ ਹੈ। ਇਸ ਨੈੱਟਵਰਕ ਦੇ ਅਗਲੇ ਅਤੇ ਪਿਛਲੇ ਸਬੰਧਾਂ ਸਮੇਤ ਪੂਰੇ ਗਠਜੋੜ ਦਾ ਪਰਦਾਫ਼ਾਸ਼ ਕਰਨ ਲਈ ਅਗਲੇਰੀ ਜਾਂਚ ਜਾਰੀ ਹੈ।


ਪੱਤਰਕਾਰਾਂ ਦੀ ਲੋੜ

ਇੰਗਲੈਂਡ ਦੇ ਹਰ ਇਲਾਕੇ 'ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।

Editor-in-chief : Devinder Chander

Mob: 07878 456 484

ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

# ਰਾਹੁਲ ਗਾਂਧੀ ਨੂੰ ਸਿਰੋਪਾ: ਸ਼੍ਰੋਮਣੀ ਕਮੇਟੀ ਵੱਲੋਂ ਚਾਰ ਮੁਲਾਜ਼ਮਾਂ ਖਿਲਾਫ਼ ਕਾਰਵਾਈ

## ਕਥਾਵਾਚਕ ਤੇ ਸੇਵਾਦਾਰ ਮੁਅੱਤਲ; ਆਰਜ਼ੀ ਗ੍ਰੰਥੀ ਦੀਆਂ ਸੇਵਾਵਾਂ ਸਮਾਪਤ, ਗੁਰਦੁਆਰੇ ਦੇ ਮੈਨੇਜਰ ਨੂੰ ਚੇਤਾਵਨੀ ਦੇ ਕੇ ਤਬਾਦਲਾ

**ਅੰਮ੍ਰਿਤਸਰ।** ਗੁਰਦੁਆਰਾ ਬਾਬਾ ਬੁੱਢਾ ਸਾਹਿਬ ਜੀ ਰਮਦਾਸ ਵਿਖੇ ਕਾਂਗਰਸ ਆਗੂ ਰਾਹੁਲ ਗਾਂਧੀ ਦੀ ਆਮਦ ਮੌਕੇ ਗੁਰਦੁਆਰਾ ਸਾਹਿਬ ਅੰਦਰ ਹੋਈ ਮਰਯਾਦਾ ਦੀ ਉਲੰਘਣਾ ਅਤੇ ਸਨਮਾਨ ਸਬੰਧੀ ਸ਼੍ਰੋਮਣੀ ਕਮੇਟੀ ਦੇ ਫੈਸਲੇ ਵਿਰੁੱਧ ਜਾਣ ਕਰਕੇ 4 ਦੋਸ਼ੀ ਮੁਲਾਜ਼ਮਾਂ ਖ਼ਿਲਾਫ਼ ਕਾਰਵਾਈ ਕੀਤੀ ਗਈ ਹੈ। ਸ਼੍ਰੋਮਣੀ ਕਮੇਟੀ ਦੇ ਸਕੱਤਰ ਪ੍ਰਤਾਪ ਸਿੰਘ ਨੇ ਦੱਸਿਆ ਕਿ ਲੰਘੇ ਦਿਨੀਂ ਕਾਂਗਰਸ ਆਗੂ ਦੇ ਗੁਰਦੁਆਰਾ ਬਾਬਾ ਬੁੱਢਾ ਸਾਹਿਬ ਜੀ ਰਮਦਾਸ ਵਿਖੇ ਆਉਣ ਸਮੇਂ ਹੋਈ ਮਰਯਾਦਾ ਦੀ ਉਲੰਘਣਾ ਸਬੰਧੀ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੇ ਨਿਰਦੇਸ਼ਾਂ 'ਤੇ ਪੜਤਾਲ ਕਰਵਾਈ ਗਈ ਸੀ। ਪੜਤਾਲ ਰਿਪੋਰਟ ਅੱਜ ਮਿਲਣ ਮਗਰੋਂ ਦੋਸ਼ੀਆਂ ਖ਼ਿਲਾਫ਼ ਕਾਰਵਾਈ ਕੀਤੀ ਗਈ ਹੈ। ਇਸ ਵਿਚ ਕਥਾਵਾਚਕ ਭਾਈ ਪਲਵਿੰਦਰ ਸਿੰਘ ਤੇ ਸੇਵਾਦਾਰ ਭਾਈ ਹਰਵਿੰਦਰ ਸਿੰਘ ਨੂੰ ਮੁਅੱਤਲ ਕਰ ਦਿੱਤਾ ਗਿਆ ਹੈ, ਜਦਕਿ ਇਵਜ਼ੀ ਤੌਰ 'ਤੇ ਸੇਵਾ ਨਿਭਾਅ ਰਹੇ ਗ੍ਰੰਥੀ ਭਾਈ ਕੁਲਵਿੰਦਰ ਸਿੰਘ ਦੀਆਂ ਸੇਵਾਵਾਂ ਸਮਾਪਤ ਕਰ ਦਿੱਤੀਆਂ ਗਈਆਂ ਹਨ। ਇਸ ਦੇ ਨਾਲ ਹੀ ਮੈਨੇਜਰ ਪ੍ਰਗਟ ਸਿੰਘ ਨੂੰ ਚੇਤਾਵਨੀ ਦਿੰਦਿਆਂ ਉਸ ਦਾ ਤਬਾਦਲਾ ਕਰ ਦਿੱਤਾ ਗਿਆ ਹੈ। ਸ਼੍ਰੋਮਣੀ ਕਮੇਟੀ ਦੇ ਸਕੱਤਰ ਨੇ ਦੱਸਿਆ ਕਿ ਪੜਤਾਲੀਆਂ ਰਿਪੋਰਟ ਵਿਚ ਇਹ ਪੱਖ



ਸਾਹਮਣੇ ਆਇਆ ਹੈ ਕਿ ਕਾਂਗਰਸ ਆਗੂ ਗੁਰਦੁਆਰਾ ਸਾਹਿਬ ਦੇ ਦਰਬਾਰ ਵਿਚ ਨਿਰਧਾਰਤ ਜੰਗਲੇ ਦੇ ਅੰਦਰ ਗਏ ਸਨ, ਜੋ ਮਰਯਾਦਾ ਦਾ ਸਿੱਧੇ ਤੌਰ 'ਤੇ ਉਲੰਘਣ ਹੈ। ਉਨ੍ਹਾਂ ਕਿਹਾ ਕਿ ਇਸ ਨਿਰਧਾਰਤ ਅਸਥਾਨ 'ਤੇ ਜਾਣ ਲਈ ਇਕ ਨੀਯਤ ਬਾਣਾ ਵੀ ਲਾਜ਼ਮੀ ਹੁੰਦਾ ਹੈ ਅਤੇ ਅੰਦਰ ਦੀ ਸੇਵਾ ਨਿਭਾਉਣ ਵਾਲੇ ਗ੍ਰੰਥੀ, ਸੇਵਾਦਾਰਾਂ ਅਤੇ ਸਬੰਧਤ ਮੁਲਾਜ਼ਮਾਂ ਤੋਂ ਇਲਾਵਾ ਕੋਈ ਵੀ ਬਾਹਰੀ ਵਿਅਕਤੀ ਜੰਗਲੇ ਦੇ ਅੰਦਰ ਨਹੀਂ ਜਾ ਸਕਦਾ। ਇਸ ਤੋਂ ਇਲਾਵਾ ਕਾਂਗਰਸ ਆਗੂਆਂ ਨੂੰ ਦਰਬਾਰ ਦੇ ਅੰਦਰ ਸਿਰੋਪਾਓ ਦੇਣ ਸਮੇਂ ਵੀ ਬੀਤੇ ਵਿਚ ਅੰਤ੍ਰਿੰਗ ਕਮੇਟੀ ਵੱਲੋਂ ਕੀਤੇ ਫੈਸਲੇ ਦੀ ਉਲੰਘਣਾ ਹੋਈ ਹੈ। ਸ਼੍ਰੋਮਣੀ ਕਮੇਟੀ ਦੇ ਇਸ ਫੈਸਲੇ ਅਨੁਸਾਰ ਦਰਬਾਰ ਦੇ ਅੰਦਰ ਕਿਸੇ ਵੀ ਵੀਆਈਪੀ (ਵਿਸ਼ੇਸ਼ ਵਿਅਕਤੀਆਂ) ਨੂੰ ਸਿਰੋਪਾਓ ਨਹੀਂ ਦਿੱਤਾ ਜਾ ਸਕਦਾ। ਇਨ੍ਹਾਂ ਦੋਹਾਂ ਕਾਰਨਾਂ ਦੇ ਮੱਦੇਨਜ਼ਰ ਪੜਤਾਲੀਆ ਰਿਪੋਰਟ ਦੇ ਆਧਾਰ 'ਤੇ ਮੁਲਾਜ਼ਮਾਂ 'ਤੇ ਕਾਰਵਾਈ ਨੂੰ ਅਮਲ ਵਿਚ ਲਿਆਂਦਾ ਗਿਆ ਹੈ।

# ਪੈਸਿਆਂ ਲਈ ਇਕਲੌਤੇ ਪੁੱਤਰ ਨੇ ਆਪਣੀ ਮਾਂ ਦਾ ਕੀਤਾ ਕਤਲ

**ਹਮੀਰਪੁਰ।** ਹਿਮਾਚਲ ਪ੍ਰਦੇਸ਼ ਦੇ ਹਮੀਰਪੁਰ ਜ਼ਿਲ੍ਹੇ ਵਿੱਚ, ਇੱਕ ਪੁੱਤਰ ਨੇ ਪੈਸਿਆਂ ਲਈ ਆਪਣੀ ਮਾਂ ਦਾ ਕਤਲ ਕਰ ਦਿੱਤਾ। ਦੋਸ਼ੀ ਆਪਣੀ ਮਾਂ ਤੋਂ ਪੈਸੇ ਮੰਗ ਰਿਹਾ ਸੀ, ਜਿਸ ਕਾਰਨ ਦੋਵਾਂ ਵਿੱਚ ਝਗੜਾ ਹੋ ਗਿਆ। ਪੈਸੇ ਨਾ ਦੇਣ ਤੇ, ਇਕਲੌਤੇ ਪੁੱਤਰ ਨੇ ਆਪਣੀ ਮਾਂ ਦੇ ਸਿਰ ਤੇ ਲੋਹੇ ਨਾਲ ਵਾਰ ਕਰਕੇ ਹੱਤਿਆ ਕਰ ਦਿੱਤੀ। ਘਟਨਾ ਸਮੇਂ, ਸਿਰਫ 48 ਸਾਲਾ ਸੋਮਲਤਾ ਅਤੇ ਉਸਦਾ 24 ਸਾਲਾ ਪੁੱਤਰ ਘਰ ਵਿੱਚ ਸਨ। ਦੋਸ਼ੀ ਨੇ ਆਪਣੀ ਮਾਂ ਦੇ ਸਿਰ ਤੇ ਵਾਰ ਕਰਕੇ ਉਸਦੀ ਹੱਤਿਆ ਕਰ ਦਿੱਤੀ ਜਦੋਂ ਉਹ ਖਾਣਾ ਖਾ ਰਹੀ ਸੀ। ਇਸ ਤੋਂ ਬਾਅਦ ਆਪਣੇ ਅਪਰਾਧ ਨੂੰ ਛੁਪਾਉਣ ਲਈ ਉਸਨੇ ਅਜਿਹੀ ਸਾਜ਼ਿਸ਼ ਰਚੀ ਕਿ ਪੁਲੀਸ ਵੀ ਉਲਝਣ ਵਿੱਚ ਪੈ ਗਈ। ਘਟਨਾ ਤੋਂ ਬਾਅਦ, ਉਸਨੇ ਦਰਵਾਜ਼ਾ ਬੰਦ ਕਰ ਦਿੱਤਾ ਤੇ ਬੇਹੋਸ਼ ਹੋਣ ਦਾ ਦਿਖਾਵਾ ਕੀਤਾ। ਉਸਨੇ ਲੋਕਾਂ ਨੂੰ ਦੱਸਿਆ ਕਿ ਤਿੰਨ ਜਾਂ ਚਾਰ ਲੋਕ ਇੱਕ ਕਾਰ ਵਿੱਚ ਆਏ ਸਨ, ਉਸਨੂੰ ਕੁਝ ਸੁੰਘਾ ਕੇ ਬੇਹੋਸ਼ ਕਰ ਦਿੱਤਾ ਅਤੇ ਫਿਰ ਉਸਦੀ ਮਾਂ ਦਾ ਕਤਲ ਕਰ ਦਿੱਤਾ ਅਤੇ ਭੱਜ ਗਏ। ਪੁਲੀਸ ਉਸਦੀਆਂ ਗੱਲਾਂ ਵਿੱਚ ਉਲਝ ਗਈ ਅਤੇ ਹਮੀਰਪੁਰ ਦੇ ਪੁਲੀਸ ਸੁਪਰਡੈਂਟ ਨੇ ਕਾਤਲਾਂ ਦੀ ਭਾਲ ਲਈ ਵੱਖ-ਵੱਖ ਟੀਮਾਂ ਬਣਾਈਆਂ। ਹਾਲਾਂਕਿ, ਦੇਰ ਸ਼ਾਮ ਸ਼ੱਕ ਦੇ ਆਧਾਰ ਤੇ, ਔਰਤ ਦੇ ਪੁੱਤਰ ਨੂੰ ਵੀ ਥਾਣੇ ਲਿਆਂਦਾ ਗਿਆ ਅਤੇ ਪੂਰੀ ਤਰ੍ਹਾਂ ਪੁੱਛਗਿੱਛ



ਕੀਤੀ ਗਈ।

ਪੁਲੀਸ ਪੁੱਛਗਿੱਛ ਦੌਰਾਨ ਉਹ ਘਬਰਾ ਗਿਆ ਜਿਸ ਕਾਰਨ ਪੁਲੀਸ ਨੂੰ ਕੁਝ ਸ਼ੱਕੀ ਮਹਿਸੂਸ ਹੋਇਆ। ਅੱਜ ਸਵੇਰੇ ਹਮੀਰਪੁਰ ਦੇ ਪੁਲੀਸ ਸੁਪਰਡੈਂਟ ਭਗਤ ਸਿੰਘ ਠਾਕੁਰ ਵੀ ਭੋਰੰਜ ਪੁਲੀਸ ਸਟੇਸ਼ਨ ਪਹੁੰਚੇ ਅਤੇ ਨੌਜਵਾਨ ਤੋਂ ਪੁੱਛਗਿੱਛ ਕੀਤੀ, ਜਿਸ ਦੌਰਾਨ ਉਸਨੇ ਅਪਰਾਧ ਕਬੂਲ ਕਰ ਲਿਆ। ਕਤਲ ਬੀਤੇ ਦਿਨ ਭੋਰੰਜ ਸਬ-ਡਿਵੀਜ਼ਨ ਦੇ ਬੈਲਾਗ ਪਿੰਡ ਵਿੱਚ ਹੋਇਆ ਸੀ। ਪੁਲੀਸ ਨੇ ਔਰਤ ਦੇ ਪੁੱਤਰ ਨੂੰ ਸ਼ੱਕ ਦੇ ਆਧਾਰ ਤੇ ਹਿਰਾਸਤ ਵਿੱਚ ਲੈ ਲਿਆ ਸੀ। ਅੱਜ ਅੱਜ ਸਵੇਰੇ, ਪੁਲੀਸ ਨੇ ਕਤਲ ਦੇ ਦੋਸ਼ਾਂ ਵਿੱਚ ਦੋਸ਼ੀ ਨੂੰ ਗ੍ਰਿਫਤਾਰ ਕਰ ਲਿਆ। ਨੌਜਵਾਨ ਚੰਡੀਗੜ੍ਹ ਵਿੱਚ ਇੱਕ ਨਿੱਜੀ ਕੰਪਨੀ ਵਿੱਚ ਕੰਮ ਕਰਦਾ ਸੀ। ਉਸਨੇ ਇੱਕ ਕਾਰ ਖਰੀਦੀ ਸੀ ਅਤੇ ਆਪਣੀ ਮਾਂ ਤੋਂ ਪੈਸੇ ਮੰਗ ਰਿਹਾ ਸੀ। ਇਸ ਕਾਰਨ ਦੋਵਾਂ ਵਿੱਚ ਝਗੜਾ ਹੋ ਗਿਆ। ਜਿਸ ਕਾਰਨ ਉਸਨੇ ਆਪਣੀ ਮਾਂ ਦਾ ਕਤਲ ਕਰ ਦਿੱਤਾ।


SHAM LAL CHANDER

ID no. 921760

BUILDING MAINTENANCE HANDYMAN (CHECKATRADE)



Sham Lal Chander building maintenance handyman Under checkatrade platform is now available on your local London Area. They have fully trained and experienced tradesmen and do genuinely fast responses to all online enquiries. Their team are knowledgeable and providing on-time service. They have been providing remodelling, repairing and maintaining for over five years.

SPECIALITY:

PLUMBING : - Repairs/Replacement of Bathrooms accessories (sink, taps, tubs, showers, Toilets etc.

ELECTRICIAN :- Repairs/Replacement of all types of Sockets, Switches, Lamps, Fans, Cameras, Washing machines, Cookers, Alarms, Mount TV on walls, etc.

MASONRY WORK: - Plastering, skimming, Brick Work, Slabs Lying, Drive Ways, Roof maintenance etc.

CARPENTRY: - Laminate Flooring, Fencing, Flat Packs Assembling, Doors repairing/ replacing, Skirting, Decking, Selves making etc.

For more information please contact at www.checkatrade.com

Chander Consultants Limited, London, UK 07488841161

# ਜ਼ਿਲ੍ਹਾ ਪੱਧਰੀ ਕਵਿਤਾ ਮੁਕਾਬਲੇ ਵਿੱਚ ਗੰਭੀਰਪੁਰ ਲੋਅਰ ਦੀ ਵਿਦਿਆਰਥਣ ਨੇ ਪ੍ਰਾਪਤ ਕੀਤਾ ਤੀਸਰਾ ਸਥਾਨ

## ਬੱਚਿਆਂ ਦੀ ਮਿਹਨਤ ਰੰਗ ਲਿਆ ਰਹੀ ਹੈ – ਮੈਡਮ ਅਮਨਪ੍ਰੀਤ ਕੌਰ





ਸ੍ਰੀ ਅਨੰਦਪੁਰ ਸਾਹਿਬ (ਸੰਜੀਵ ਧਰਮਾਣੀ) ਸਕੂਲ ਸਿੱਖਿਆ ਵਿਭਾਗ ਪੰਜਾਬ ਵੱਲੋਂ ਜ਼ਿਲ੍ਹਾ ਪੱਧਰ 'ਤੇ ਮਹਾਨ ਕਵੀ ਸ਼ਿਵ ਕੁਮਾਰ ਬਟਾਲਵੀ ਜੀ ਦੇ ਜਨਮ ਦਿਨ ਨੂੰ ਸਮਰਪਿਤ ਕਵਿਤਾ ਮੁਕਾਬਲੇ ਕਰਵਾਏ ਗਏ। ਇਸ ਵਿੱਚ ਸ਼੍ਰੀ ਅਨੰਦਪੁਰ ਸਾਹਿਬ ਇਲਾਕੇ ਦੇ ਨਾਮਵਰ ਸਕੂਲ ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਗੰਭੀਰਪੁਰ ਲੋਅਰ ਦੀ ਪੰਜਵੀਂ ਜਮਾਤ ਦੀ ਹੋਣਹਾਰ ਵਿਦਿਆਰਥਣ ਅਵਨੀਤ ਕੌਰ ਨੇ ਜਿਲ੍ਹਾ ਪੱਧਰੀ ਕਵਿਤਾ ਮੁਕਾਬਲਿਆਂ ਵਿੱਚ ਤੀਸਰਾ ਸਥਾਨ ਪ੍ਰਾਪਤ ਕਰਕੇ ਸਕੂਲ ਦਾ ਨਾਮ ਰੋਸ਼ਨ ਕੀਤਾ। ਇਸ ਮੌਕੇ ਜਿਲ੍ਹਾ ਸਿੱਖਿਆ ਅਧਿਕਾਰੀ ਸ੍ਰੀ ਸ਼ਮਸ਼ੇਰ ਸਿੰਘ ਜੀ ਨੇ ਸਨਮਾਨ - ਚਿੰਨ ਦੇ ਕੇ ਸਕੂਲ ਦੀ ਵਿਦਿਆਰਥਣ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ। ਇਸ ਮੌਕੇ ਸੁਪਰਡੈਂਟ ਦਰਸ਼ਨ ਸਿੰਘ ਭੱਠਲ , ਸਟੇਟ ਐਵਾਰਡੀ ਮੈਡਮ ਰੇਣੂੰ ਕੌਸ਼ਲ , ਸਟੇਟ ਐਵਾਰਡੀ ਮੈਡਮ ਸਤਨਾਮ ਕੌਰ , ਜਮਾਤ ਇੰਚਾਰਜ ਤੇ ਗਾਈਡ ਅਧਿਆਪਕਾ ਮੈਡਮ ਅਮਨਪ੍ਰੀਤ ਕੌਰ , ਪ੍ਰਸਿੱਧ ਲੇਖਿਕਾ ਮੈਡਮ ਮਨਦੀਪ ਰਿੰਪੀ , ਦਵਿੰਦਰ ਕੁਮਾਰ, ਕਮਿੰਦਰ ਸਿੰਘ ,ਰਾਜਵੀਰ ਸਿੰਘ ਚੌਂਤਾ,ਰੇਨੂ ਕੌਸ਼ਲ, ਗੁਰਵਿੰਦਰ ਸਿੰਘ , ਹਾਰਮਨ ਸਿੰਘ , ਸਕੂਲ ਵਿਦਿਆਰਥੀ ਅਤੇ ਹੋਰ ਅਧਿਕਾਰੀ ਸਾਹਿਬਾਨ ਹਾਜ਼ਰ ਸਨ। ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਗੰਭੀਰਪੁਰ ਲੋਅਰ ਦੇ ਸਟਾਫ ਸਟੇਟ ਐਵਾਰਡੀ ਮਾਸਟਰ ਸੰਜੀਵ ਧਰਮਾਣੀ , ਸ਼ਾਮ ਲਾਲ ਅਤੇ ਅਮਨਦੀਪ ਸਿੰਘ ਨੇ ਇਸ ਹੋਣ-ਹਾਰ ਵਿਦਿਆਰਥਣ ਅਤੇ ਇਸ ਦੇ ਮਾਤਾ - ਪਿਤਾ ਨੂੰ ਵਧਾਈ ਦਿੱਤੀ।

## ਸਾਰੇ ਪ੍ਰਵਾਸੀਆਂ ਦੇ ਪਿਛੋਕੜ ਦੀ ਬਰੀਕੀ ਨਾਲ ਜਾਂਚ ਕੀਤੀ ਅਤੇ ਕਰਵਾਈ ਜਾਵੇ : ਭੁਪਿੰਦਰ ਸਿੰਘ ਪਿੰਕੀ



**ਹੁਸ਼ਿਆਰਪੁਰ (ਤਰਸੇਮ ਦੀਵਾਨਾ)**-ਜਿਸ ਤਰ੍ਹਾਂ ਗੈਰ-ਹਿਮਾਚਲੀ ,ਹਿਮਾਚਲ ਪ੍ਰਦੇਸ਼ ਅਤੇ ਜੰਮੂ-ਕਸ਼ਮੀਰ ਵਿੱਚ ਜ਼ਮੀਨ ਨਹੀਂ ਖਰੀਦ ਸਕਦੇ, ਉਸੇ ਤਰ੍ਹਾਂ ਬਾਹਰੀ ਲੋਕਾਂ ਨੂੰ ਵੀ ਪੰਜਾਬ ਵਿੱਚ ਜ਼ਮੀਨ ਖਰੀਦਣ ਤੇ ਵੀ ਤੁਰੰਤ ਪਬੰਦੀ ਲੱਗਣੀ ਚਾਹੀਦੀ ਹੈ ਇਹਨਾਂ ਗੱਲਾਂ ਦਾ ਪ੍ਰਗਟਾਵਾ ਉੱਘੇ ਸਮਾਜ ਸੇਵਕ ਅਤੇ ਬੁੱਧੀਜੀਵੀ ਸ਼ਖਸ਼ੀਅਤ ਭੁਪਿੰਦਰ ਸਿੰਘ ਪਿੰਕੀ ਨੇ ਕੁਝ ਚੋਣਵੇਂ ਪੱਤਰਕਾਰਾਂ ਨਾਲ ਇੱਕ ਪ੍ਰੈਸ ਵਾਰਤਾ ਦੌਰਾਨ ਕੀਤਾ। ਉਹਨਾਂ ਕਿਹਾ ਕਿ ! ਉਹਨਾਂ ਕਿਹਾ ਕਿ ਪੰਜਾਬ ਸਰਕਾਰ ਨੂੰ ਵੀ ਹਿਮਾਚਲ,ਜੰਮੂ ਕਸ਼ਮੀਰ ਦੀ ਤਰਜ ਤੇ ਕਾਨੂੰਨ ਬਣਾ ਕੇ ਪੰਜਾਬ ਵਿੱਚ ਲਾਗੂ ਕਰਨਾ ਚਾਹੀਦਾ ਹੈ ਤਾਂ ਕਿ ਕੋਈ ਵੀ ਪ੍ਰਵਾਸੀ ਪੰਜਾਬ ਵਿੱਚ ਜਮੀਨ ਨਾ ਖਰੀਦ ਸਕੇ ! ਉਹਨਾਂ ਇਹ ਗੱਲ ਵੀ ਜ਼ੋਰ ਦੇ ਕੇ ਕਹੀ ਕਿ ਪ੍ਰਵਾਸੀਆ ਜੇ ਪੰਜਾਬ ਵਿੱਚ ਆਧਾਰ ਕਾਰਡ,ਵੋਟਰ ਕਾਰਡ ਵਗੈਰਾ ਹਰਜਿੰਗ ਨਹੀਂ ਬਣਨੇ ਚਾਹੀਦੇ ਅਤੇ ਜਿਹਨਾਂ ਦੇ ਬਣੇ ਹੋਏ ਹਨ ਉਹਨਾਂ ਦੇ ਵੀ ਤੁਰੰਤ ਕੈਂਸਲ ਕਰਨੇ ਚਾਹੀਦੇ ਹਨ ! ਉਹਨਾਂ ਕਿਹਾ ਕਿ ਇੱਕ ਪਾਸੇ ਤਾਂ ਪੰਜਾਬ ਨੂੰ ਸੋਨੇ ਦੀ ਚਿੜੀ ਕਿਹਾ ਜਾਂਦਾ ਹੈ ਅਤੇ ਦੂਜੇ ਪਾਸੇ ਪ੍ਰਵਾਸੀ ਸੋਨੇ ਦੀ ਚਿੜੀ ਦੇ ਪਰ ਕੁਤਰਨ ਵਿੱਚ ਕੋਈ ਵੀ ਕਸਰ ਨਹੀਂ ਛੱਡ ਰਹੇ । ਉਨ੍ਹਾਂ ਕਿਹਾ ਕਿ ਜੇਕਰ ਅੱਜ ਹੁਸ਼ਿਆਰਪੁਰ ਦਾ ਸਰਵੇਖਣ ਕੀਤਾ ਜਾਵੇ ਤਾਂ ਹਜ਼ਾਰਾਂ ਲੋਕ ਅਜਿਹੇ ਹੋਣਗੇ ਜਿਨ੍ਹਾਂ ਦਾ ਹੁਸ਼ਿਆਰਪੁਰ ਜਾਂ ਪੰਜਾਬ ਨਾਲ ਕੋਈ ਲੈਣਾ-ਦੇਣਾ ਨਹੀਂ ਹੈ, ਪਰ ਕਿਸੇ ਵੱਡੀ ਸਾਜ਼ਿਸ਼ ਤਹਿਤ ਪੰਜਾਬ ਵਿੱਚ ਬਾਹਰੀ ਲੋਕਾਂ ਦੀ ਆਬਾਦੀ ਵਸਾਈ ਜਾ ਰਹੀ ਹੈ। ਉਹਨਾਂ ਕਿਹਾ ਕਿ ਬਹੁਤ ਪ੍ਰਵਾਸੀ ਤਾਂ ਯੂਪੀ ਬਿਹਾਰ ਵਿੱਚ ਵੱਡੇ ਵੱਡੇ ਕ੍ਰਾਈਮ ਕਰਕੇ ਪੰਜਾਬ ਵਿੱਚ ਆ ਕੇ ਵਸੇ ਹੋਏ ਹਨ ਅਗਰ ਪ੍ਰਵਾਸੀਆਂ ਦੇ ਪਿਛੋਕੜ ਦੀ ਬਰੀਕੀ ਨਾਲ ਜਾਂਚ ਕੀਤੀ ਅਤੇ ਕਰਵਾਈ ਜਾਵੇ ਤਾਂ ਬਹੁਤ ਪ੍ਰਵਾਸੀਆ ਦਾ ਪਰਦਾਫਾਸ਼ ਹੋ ਸਕਦਾ! ਉਹਨਾਂ ਕਿਹਾ ਕਿ ਇਸ ਵਿੱਚ ਸਾਡੇ ਕਈ ਪੰਜਾਬੀ ਵੀ ਕਸੂਰਵਾਰ ਹਨ ਜੋ ਕਿ ਆਪਣੇ ਮੁਨਾਫ਼ੇ ਲਈ ਉਹ ਇਹ ਵੀ ਨਹੀਂ ਦੇਖਦੇ ਕਿ ਜਿਸ ਵਿਅਕਤੀ ਨੂੰ ਉਹ ਘਰ ਜਾਂ ਦੁਕਾਨ ਦੇ ਰਹੇ ਹਨ, ਉਹ ਕੌਣ ਹੈ ਅਤੇ ਕਿੱਥੋਂ ਦਾ ਹੈ

# ਐਡੀਲੇਡ 'ਚ ਚੌਥਾ ਸਾਲਾਨਾ ਬਹੁ-ਸੱਭਿਆਚਾਰਕ ਐਥਲੈਟਿਕ ਖੇਡ ਮੇਲਾ ਸਫਲਤਾਪੂਰਵਕ ਆਯੋਜਿਤ



**ਐਡੀਲੇਡ, (ਹਰਜਿੰਦਰ ਪਾਲ ਛਾਬੜਾ)** ਚੜ੍ਹਦੀ ਕਲਾ ਸਪੋਰਟਸ ਕਲੱਬ ਦੱਖਣੀ ਆਸਟਰੇਲੀਆ ਵੱਲੋਂ ਚੌਥਾ ਸਾਲ-ਾਨਾ ਬਹੁ-ਸੱਭਿਆਚਾਰਕ ਐਥਲੈਟਿਕ ਖੇਡ ਮੇਲਾ ਪੋਰਟ ਐਡੀਲੇਡ ਐਥਲੈਟਿਕ ਕਲੱਬ ਦੇ ਮੈਦਾਨ ਵਿੱਚ ਜੋਸ਼, ਉਤਸ਼ਾਹ ਅਤੇ ਸਫਲਤਾ ਨਾਲ ਆਯੋਜਿਤ ਕੀਤਾ ਗਿਆ। ਇਹ ਖੇਡ ਸਮਾਰੋਹ ਸਵੇਰੇ 9 ਵਜੇ ਤੋਂ ਸ਼ਾਮ ਤੱਕ ਚੱਲਿਆ, ਜਿਸ ਵਿੱਚ ਵੱਖ-ਵੱਖ ਉਮਰਾਂ ਦੇ ਬੱਚਿਆਂ ਨੇ ਭਰਪੂਰ ਉਤਸ਼ਾਹ ਨਾਲ ਭਾਗ ਲਿਆ। ਮੁਕਾਬਲਿਆਂ ਵਿੱਚ 50 - 70 -100 ਅਤੇ 200 ਮੀਟਰ ਦੌੜਾਂ, ਲੰਬੀ ਛਾਲ, ਡਿਸਕਸ ਥਰੋ ਅਤੇ ਸ਼ੋਟ ਪੁੱਟ ਵਰਗੇ ਈਵੈਂਟ ਸ਼ਾਮਲ ਸਨ। ਸਮਾਪਤੀ ਮੌਕੇ ਬੱਚਿਆਂ ਨੂੰ ਮੈਡਲ, ਸਨਮਾਨ ਪੱਤਰ ਅਤੇ ਬਾਦਾਮ ਵੰਡ ਕੇ ਸਨਮਾਨਿਤ ਕੀਤਾ ਗਿਆ, ਜੋ ਉਨ੍ਹਾਂ ਦੇ ਉਤਸ਼ਾਹ ਵਧਾਉਣ ਵਾਲਾ ਉਪਰਾਲਾ ਸਾਬਤ ਹੋਇਆ। ਸਟੇਜ ਦੀ ਸੇਵਾ ਜਗਰੂਪ ਸਿੰਘ ਬੁੱਟਰ ਅਤੇ ਰਵਿੰਦਰ ਸਿੰਘ ਸਰਾਭਾ ਵੱਲੋਂ ਬੜੀ ਸੁਚੱਜੇ ਢੰਗ ਨਾਲ ਨਿਭਾਈ ਗਈ। ਉਨ੍ਹਾਂ ਨੇ ਸਮੂਹ ਸਮਾਰੋਹ ਦੀ ਕਾਰਵਾਈ ਨੂੰ ਸੁਚਾਰੂ ਰੂਪ ਦਿੱਤਾ। ਸਮਾਗਮ ਦੌਰਾਨ ਵਲੰਟੀਅਰਾਂ ਵੱਲੋਂ ਨਿਸ਼ਕਾਮ ਰੂਪ ਵਿੱਚ ਨਿਭਾਈ ਗਈ ਸੇਵਾ ਲਈ ਪ੍ਰਬੰਧਕਾਂ ਵੱਲੋਂ ਉਨ੍ਹਾਂ ਦੀ ਖੁੱਲ੍ਹ ਕੇ ਸਲਾਹਣਾ ਕੀਤੀ ਗਈ, ਤੇ ਭਵਿੱਖ ਵਿੱਚ ਵੀ ਨੌਜਵਾਨਾਂ ਨੂੰ ਖੇਡ ਤੇ ਸੇਵਾ ਨਾਲ ਜੋੜਨ ਦੀ ਲੋੜ ਉੱਤੇ ਜ਼ੋਰ ਦਿੱਤਾ ਗਿਆ। ਪੂਰੇ ਦਿਨ ਦੌਰਾਨ ਗੁਰੂ ਦਾ ਲੰਗਰ ਅਤੇ ਚਾਹ ਦੀ ਅਟੁੱਟ ਸੇਵਾ ਚਲਦੀ ਰਹੀ। ਖੇਡ ਮੈਦਾਨ ਵਿੱਚ ਪਰਿਵਾਰਾਂ ਦੀ ਭਾਰੀ ਹਾਜ਼ਰੀ ਰਹੀ, ਜੋ ਕਿ ਇਹ ਦਰਸਾਉਂਦੀ ਹੈ ਕਿ ਸਮਾਜ ਸਿਹਤਮੰਦ ਅਤੇ ਸੱਭਿਆਚਾਰਕ ਗਤੀਵਿਧੀਆਂ ਵਿੱਚ ਦਿਲਚਸਪੀ ਲੈ ਰਿਹਾ ਹੈ। ਪ੍ਰਬੰਧਕਾਂ ਵੱਲੋਂ ਵੱਡੀ ਗਿਣਤੀ ਵਿੱਚ ਪਰਿਵਾਰ ਸਮੇਤ ਪਹੁੰਚੀ ਸੰਗਤ, ਅਤੇ ਸਪਾਂਸਰਜ਼ ਵੱਲੋਂ ਮਿਲੇ ਸਹਿਯੋਗ ਲਈ ਵਿਸ਼ੇਸ਼ ਧੰਨਵਾਦ ਪ੍ਰਗਟ ਕੀਤਾ ਗਿਆ। ਅੰਤ ਵਿੱਚ ਸਾਰੇ ਸਹਿਯੋਗੀਆਂ, ਭਾਗੀਦਾਰਾਂ ਅਤੇ ਸੰਗਤਾਂ ਨੂੰ ਜੀ ਆਇਆ ਆਖਦਿਆਂ ਸਦਾ ਸੁਖੀ ਰਹੋ ਦੀ ਅਸੀਸ ਦੇ ਕੇ ਸਮਾਗਮ ਦੀ ਸਮਾਪਤੀ ਕੀਤੀ ਗਈ।

# ਬੀਜੇਪੀ ਢੈਪਈ ਮੰਡਲ ਵੱਲੋਂ ਮੋਦੀ ਜੀ ਦਾ 75ਵਾਂ ਜਨਮ ਦਿਨ ਮਨਾਇਆ ਗਿਆ







**ਭੀਖੀ ( ਕਮਲ ਜਿੰਦਲ)** ਪਿੰਡ ਸਮਾਓ ਵਿਖੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਜੀ ਦਾ 75ਵਾਂ ਜਨਮ ਦਿਨ ਮਨਾਇਆ ਗਿਆ। ਇਸ ਸਮੇਂ ਬੀਜੇਪੀ ਮੰਡਲ ਦੇ ਪ੍ਰਧਾਨ ਅਤੇ ਭਾਜਪਾ ਆਗੂ ਗੁਰਤੇਜ ਸਿੰਘ ਚਹਿਲ ਨੇ ਮੋਮਬੱਤੀ ਜਲਾ ਕੇ ਕੇਕ ਕੱਟਿਆ ਅਤੇ ਲੱਡੂ ਵੰਡੇ। ਇਸ ਮੌਕੇ ਪਿੰਡ ਵਿੱਚ ਬਣੇ ਲੇਡੀਜ਼ ਪਾਰਕ ਦੀ ਸਾਫ ਸਫਾਈ ਵੀ ਕੀਤੀ ਗਈ ਸਾਰਿਆਂ ਨੂੰ ਨਰਿੰਦਰ ਮੋਦੀ ਜੀ ਦੇ ਜਨਮ ਤੇ ਵਧਾਈਆਂ ਦਿੱਤੀਆਂ ਅਤੇ ਉਹਨਾਂ ਦੀ ਲੰਮੀ ਉਮਰ ਦੀ ਪ੍ਰਾਰਥਨਾ ਕੀਤੀ। ਉਨਾਂ ਕਿਹਾ ਕਿ ਪ੍ਰਧਾਨ ਮੰਤਰੀ ਮੋਦੀ ਜੀ ਦੇ ਦ੍ਰਿੜ੍ਹ ਇਰਾਦੇ ਅਤੇ ਨੇਕ ਅਤੇ ਪਾਰਦਰਸ਼ਤਾ ਦੀ ਸੋਚ ਕਰਕੇ ਦੇਸ਼ ਅੱਗੇ ਵਧ ਰਿਹਾ ਹੈ। ਅਤੇ ਦਿਨੋ ਦਿਨ ਤਰੱਕੀ ਕਰ ਰਿਹਾ ਹੈ। ਇਸ ਮੌਕੇ ਢੈਪਈ ਮੰਡਲ ਦੇ ਯੂਥ ਪ੍ਰਧਾਨ ਬਲਵਿੰਦਰ ਸਿੰਘ, ਰਘਵੀਰ ਸਿੰਘ, ਗੁਲਜਾਰ ਸਿੰਘ, ਹਰਬਚਨ ਸਿੰਘ ਅਤਲਾ ਖੁਰਦ, ਸੁਖਵਿੰਦਰ ਸਿੰਘ ਗੁਰਥੜੀ, ਗੋਰਾ ਸਿੰਘ, ਜੀਵਨ ਸਿੰਘ, ਸੁਖਵਿੰਦਰ ਸਿੰਘ ਖੀਵਾ ਦਿਆਲੂ ਵਾਲਾ, ਰਣਜੀਤ ਸਿੰਘ, ਧਰਮਵੀਰ ਸਿੰਘ, ਕੇਵਲ ਸਿੰਘ, ਬੇਟੀ ਗੁਰਨੂਰ ਕੌਰ, ਜਸਵਿੰਦਰ ਸਿੰਘ, ਕੁਲਦੀਪ ਸਿੰਘ ਆਦਿ ਹਾਜ਼ਰ ਸਨ।

The Samaj Weekly and people associated with it are not responsible for any claims made by the advisers and don't endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

# ਬਿਰਧ ਆਸ਼ਰਮ ਤਪਾ ਵਿਖੇ ਬਜ਼ੁਰਗਾਂ ਨੂੰ ਦਿੱਤੀਆਂ ਜਾ ਰਹੀਆਂ ਹਨ ਮੁਫ਼ਤ ਸਹੂਲਤਾਂ - ਡਿਪਟੀ ਕਮਿਸ਼ਨਰ

## ਲੋੜਵੰਦ ਬਜ਼ੁਰਗ ਬਿਰਧ ਆਸ਼ਰਮ 'ਚ ਰਹਿਣ ਲਈ ਕਰਾਉਣ ਰਜਿਸਟ੍ਰੇਸ਼ਨ



**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਦੱਸਿਆ ਕਿ ਸਮਾਜਿਕ ਸੁਰੱਖਿਆ ਇਸਤਰੀ ਤੇ ਬਾਲ ਵਿਕਾਸ ਵਿਭਾਗ, ਪੰਜਾਬ ਸਰਕਾਰ ਵੱਲੋਂ ਤਪਾ (ਜ਼ਿਲ੍ਹਾ ਬਰਨਾਲਾ) ਵਿਖੇ ਬਾਬਾ ਫੂਲ ਸਰਕਾਰੀ ਬਿਰਧ ਆਸ਼ਰਮ ਦੀ ਸਹੂਲਤ ਦਿੱਤੀ ਗਈ ਹੈ। ਉਨ੍ਹਾਂ ਦੱਸਿਆ ਕਿ ਇਹ ਬਿਰਧ ਆਸ਼ਰਮ 72 ਬੈੱਡਾਂ ਦਾ ਹੈ, ਜਿਥੇ ਬਜ਼ੁਰਗ ਰਹਿ ਵੀ ਰਹੇ ਹਨ। ਉਨ੍ਹਾਂ ਕਿਹਾ ਕਿ ਜੋ ਵੀ ਲੋੜਵੰਦ ਬਜ਼ੁਰਗ ਬਿਰਧ ਆਸ਼ਰਮ ਵਿਚ ਰਹਿਣਾ ਚਾਹੁੰਦੇ ਹਨ, ਉਹ ਆਪਣਾ ਆਧਾਰ ਕਾਰਡ ਲੈ ਕੇ ਤਹਿਸੀਲ ਕੰਪਲੈਕਸ, ਨੇੜੇ ਸੇਵਾ ਕੇਂਦਰ, ਹੰਡਿਆਇਆ ਰੋਡ, ਦਫਤਰ ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫਸਰ, ਬਰਨਾਲਾ ਜਾਂ ਆਪਣੇ ਬਲਾਕ ਨਾਲ ਸਬੰਧਤ ਦਫ਼ਤਰ ਬਾਲ ਵਿਕਾਸ ਪ੍ਰੋਜੈਕਟ ਅਫਸਰ (ਸੀ. ਡੀ. ਪੀ. ਓ) ਵਿਖੇ ਜਾ ਕੇ ਆਪਣੀ ਰਜਿਸਟ੍ਰੇਸ਼ਨ ਕਰਵਾ ਸਕਦੇ ਹਨ। ਡਿਪਟੀ ਕਮਿਸ਼ਨਰ ਵੱਲੋਂ ਇਹ ਵੀ ਦੱਸਿਆ ਗਿਆ ਕਿ ਜੋ ਬਜ਼ੁਰਗ ਬਿਰਧ ਆਸ਼ਰਮ ਵਿਚ ਰਹਿ ਰਹੇ ਹਨ, ਉਨ੍ਹਾਂ ਨੂੰ ਰਹਿਣ ਲਈ ਕਮਰੇ, ਸਿਹਤ ਅਤੇ ਮੈਡੀਕਲ ਸੇਵਾਵਾਂ, ਖਾਣਾ-ਪੀਣਾ, ਕੱਪੜੇ, ਸੁਰੱਖਿਆ ਅਤੇ ਸੰਭਾਲ, ਲਾਇਬ੍ਰੇਰੀ ਅਤੇ ਹੋਰ ਆਧੁਨਿਕ ਸਹੂਲਤਾਂ ਮੁਫ਼ਤ ਦਿੱਤੀਆਂ ਜਾ ਰਹੀਆਂ ਹਨ। ਉਨ੍ਹਾਂ ਦੱਸਿਆ ਕਿ ਰਜਿਸਟ੍ਰੇਸ਼ਨ ਵਾਸਤੇ ਸਬੰਧਤ ਬਜ਼ੁਰਗ ਦਾ ਨਾਮ, ਪਿਤਾ ਦਾ ਨਾਮ, ਮੌਜੂਦਾ ਰਿਹਾਇਸ਼, ਮੋਬਾਇਲ ਨੰਬਰ, ਆਧਾਰ ਕਾਰਡ ਨੰਬਰ ਆਦਿ ਲੋੜੀਂਦਾ ਹੈ। ਉਨ੍ਹਾਂ ਕਿਹਾ ਕਿ ਵਧੇਰੇ ਜਾਣਕਾਰੀ ਲਈ 01679-29110, 87280-45025 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਜਿਗਰ ਖਰਾਬ ਕਾਰਨ ਕੋਮਾ 'ਚ ਗਈ 17 ਸਾਲਾਂ ਲੜਕੀ ਦਾ ਢਾਹਾਂ ਕਲੇਰਾਂ ਹਸਪਤਾਲ ਵਿੱਚ ਹੋਇਆ ਸਫ਼ਲ ਇਲਾਜ



ਤੰਦਰੁਸਤ ਹੋਏ ਮਰੀਜ਼ ਨਾਲ ਡਾ. ਵਿਵੇਕ ਗੁੰਬਰ ਤੇ ਹਸਪਤਾਲ ਸਟਾਫ।

**ਬੰਗਾ (ਚਰਨਜੀਤ ਸੱਲ੍ਹਾਂ)** ਪਿਛਲੇ ਚਾਰ ਦਹਾਕਿਆਂ ਤੋਂ ਮਿਆਰੀ ਸਿਹਤ ਸਹੂਲਤਾਂ ਲਈ ਜਾਣੀ ਜਾਂਦੀ ਪੰਜਾਬ ਦੀ ਮੋਹਰੀ ਸਿਹਤ ਸੰਸਥਾ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਵਿਖੇ ਮੈਡੀਕਲ ਵਿਭਾਗ ਦੇ ਮੁਖੀ ਡਾ. ਵਿਵੇਕ ਗੁੰਬਰ ਅਤੇ ਉਨ੍ਹਾਂ ਦੀ ਟੀਮ ਜਿਗਰ ਦੀ ਬਿਮਾਰੀ ਕਾਰਨ ਕੋਮਾ ਵਿੱਚ ਗਈ ਸਤਾਰਾਂ ਸਾਲ ਉਮਰ ਦੀ ਮਰੀਜ਼ ਲੜਕੀ ਦਾ ਸਫਲ ਇਲਾਜ ਕਰਕੇ ਉਸ ਨੂੰ ਮੌਤ ਦੇ ਮੂੰਹ 'ਚੋਂ ਬਾਹਰ ਕੱਢਣ ਵਿਚ ਕਾਮਯਾਬ ਰਹੀ ਹੈ । ਡਾ. ਵਿਵੇਕ ਗੁੰਬਰ ਨੇ ਮੀਡੀਆ ਨਾਲ ਜਾਣਕਾਰੀ ਸਾਂਝੀ ਕਰਦੇ ਹੋਏ ਦੱਸਿਆ ਕਿ ਉਕਤ ਮਰੀਜ਼ ਨੂੰ ਕੋਮਾ ਦੀ ਹਾਲਤ ਵਿੱਚ ਬੇਹੱਦ ਮਾੜੀ ਸਥਿਤੀ ਵਿੱਚ ਹਸਪਤਾਲ ਵਿਖੇ ਲਿਆਂਦਾ ਗਿਆ ਸੀ । ਜਿਗਰ ਦੀ ਸੋਜਿਸ਼ ਕਾਰਨ ਉਸ ਨੂੰ ਪੀਲੀਆ ਹੋ ਚੁੱਕਾ ਸੀ ਤੇ ਜਿਸ ਦਾ ਅਸਰ ਇਹ ਹੋਇਆ ਕਿ ਉਹ ਗਰੇਡ ਚਾਰ ਹੈਪਾਟਿਕ ਐਨਸੈਫਲੋਪੈਥੀ ਦੇ ਅਸਰ ਕਾਰਨ ਦਿਮਾਗ 'ਤੇ ਪਏ ਬਹੁਤ ਬੁਰੇ ਪ੍ਰਭਾਵਾਂ ਕਾਰਨ ਉਹ ਕੋਮਾ ਵਿੱਚ ਪਹੁੰਚ ਗਈ ਸੀ । ਮਰੀਜ਼ ਦੀ ਗੰਭੀਰ ਹਾਲਤ ਨੂੰ ਦੇਖਦੇ ਹੋਏ ਉਸ ਨੂੰ ਆਈ.ਸੀ.ਯੂ. ਵਿਭਾਗ ਵਿੱਚ ਭਰਤੀ ਕਰਕੇ ਇਲਾਜ ਸ਼ੁਰੂ ਕੀਤਾ ਗਿਆ । ਡਾਕਟਰੀ ਟੀਮ ਦੀ ਦਿਨ-ਰਾਤ ਦੀ ਮਿਹਨਤ ਰੰਗ ਲਿਆਈ ਛੇ ਦਿਨ ਆਈ.ਸੀ.ਯੂ. ਅਤੇ ਤਿੰਨ ਦਿਨ ਪ੍ਰਾਈਵੇਟ ਵਾਰਡ ਵਿੱਚ ਇਲਾਜ ਤੋਂ ਬਾਅਦ ਇਹ ਨੌਜਵਾਨ ਲੜਕੀ ਹੁਣ ਤੰਦਰੁਸਤ ਹੈ । ਇਸ ਮੌਕੇ ਮਰੀਜ਼ ਦੇ ਪਰਿਵਾਰਜਨਾਂ ਨੇ ਹਸਪਤਾਲ ਢਾਹਾਂ ਕਲੇਰਾਂ ਦੇ ਮੈਡੀਕਲ ਸਪੈਸ਼ਲਿਸਟ ਡਾ. ਵਿਵੇਕ ਗੁੰਬਰ, ਸਮੂਹ ਮੈਡੀਕਲ ਅਫਸਰਾਂ, ਨਰਸਿੰਗ ਸਟਾਫ ਅਤੇ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ ਦੇ ਪ੍ਰਧਾਨ ਡਾ. ਕੁਲਵਿੰਦਰ ਸਿੰਘ ਢਾਹਾਂ ਦਾ ਵੀ ਡਾਕਟਰੀ ਟੀਮਾਂ ਦੀ ਯੋਗ ਰਹਿਨੁਮਾਈ ਲਈ ਧੰਨਵਾਦ ਕੀਤਾ । ਜ਼ਿਕਰਯੋਗ ਹੈ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਵਿਖੇ ਇੱਕ ਛੱਤ ਹੇਠਾਂ 14 ਤੋਂ ਵਧੇਰੇ ਡਾਕਟਰੀ ਵਿਭਾਗ 24 ਘੰਟੇ ਕਾਰਜਸ਼ੀਲ ਹਨ ਜਿੱਥੇ ਦੇ ਮਾਹਿਰ ਡਾਕਟਰ ਸਾਹਿਬਾਨਾਂ ਵੱਲੋਂ ਮਰੀਜ਼ਾਂ ਦਾ ਮਿਆਰੀ ਇਲਾਜ ਕੀਤਾ ਰਿਹਾ ਹੈ।

# ਨਵੋਦਿਆ ਵਿਦਿਆਲਿਆ ਵਿਚ 9ਵੀਂ ਅਤੇ 11ਵੀਂ 'ਚ ਦਾਖ਼ਲੇ ਲਈ 23 ਤੱਕ ਹੋਵੇਗੀ ਆਨਲਾਈਨ ਰਜਿਸਟ੍ਰੇਸ਼ਨ

## ਡਿਪਟੀ ਕਮਿਸ਼ਨਰ ਨੇ ਸਿੱਖਿਆ ਅਧਿਕਾਰੀਆਂ ਨੂੰ ਵਿਦਿਆਰਥੀਆਂ ਦੀ ਵੱਧ ਤੋਂ ਵੱਧ ਰਜਿਸਟਰੇਸ਼ਨ ਯਕੀਨੀ ਬਣਾਉਣ ਲਈ ਕਿਹਾ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਜ਼ਿਲ੍ਹੇ ਦੇ ਸਿੱਖਿਆ ਵਿਭਾਗ ਨੂੰ ਹਦਾਇਤਾਂ ਜਾਰੀ ਕਰਦਿਆਂ ਕਿਹਾ ਹੈ ਕਿ ਪੀ.ਐਮ ਸ੍ਰੀ ਸਕੂਲ ਜਵਾਹਰ ਨਵੋਦਿਆ ਵਿਦਿਆਲਿਆ ਫਲਾਹੀ ਵਿਚ ਵਿਦਿਆਰਥੀਆਂ ਦੀ ਰਜਿਸਟ੍ਰੇਸ਼ਨ ਵਧਾਉਣ ਲਈ ਸਾਰੇ ਸਕੂਲ ਮੁਖੀ ਅਤੇ ਅਧਿਆਪਕ ਇਸ ਸਬੰਧੀ ਵਿਦਿਆਰਥੀਆਂ ਨੂੰ ਸਮੇਂ ਸਿਰ ਜਾਣਕਾਰੀ ਦੇਣ। ਉਨ੍ਹਾਂ ਕਿਹਾ ਕਿ ਸਿੱਖਿਆ ਵਿਭਾਗ ਵੱਲੋਂ ਜਾਗਰੂਕਤਾ ਗਤੀਵਿਧੀਆਂ ਨੂੰ ਤੇਜ਼ ਕੀਤਾ ਜਾਣਾ ਚਾਹੀਦਾ ਹੈ ਤਾਂ ਜੋ ਯੋਗ ਵਿਦਿਆਰਥੀ ਇਸ ਮੌਕੇ ਦਾ ਲਾਭ ਉਠਾ ਸਕਣ। ਉਨ੍ਹਾਂ ਸਿੱਖਿਆ ਅਧਿਕਾਰੀਆਂ ਨੂੰ ਆਦੇਸ਼ ਦਿੱਤਾ ਕਿ ਜ਼ਿਲ੍ਹਾ ਪੱਧਰ 'ਤੇ ਚੱਲ ਰਹੇ ਸਾਰੇ ਸਰਕਾਰੀ ਅਤੇ ਸਹਾਇਤਾ ਪ੍ਰਾਪਤ ਸਕੂਲਾਂ ਦੇ ਅਧਿਆਪਕ ਆਪਣੇ ਵਿਦਿਆਰਥੀਆਂ ਨੂੰ ਨਵੋਦਿਆ ਵਿਦਿਆਲਿਆ ਵਿਚ ਦਾਖਲੇ ਨਾਲ ਸਬੰਧਤ ਪੂਰੀ ਜਾਣਕਾਰੀ ਦੇਣ ਅਤੇ ਵੱਧ ਤੋਂ ਵੱਧ ਬੱਚਿਆਂ ਨੂੰ ਅਰਜ਼ੀ ਦੇਣ



ਲਈ ਪ੍ਰੇਰਿਤ ਕਰਨ। ਉਨ੍ਹਾਂ ਕਿਹਾ ਕਿ ਇਹ ਪਹਿਲ ਨਾ ਸਿਰਫ਼ ਵਿਦਿਆਰਥੀਆਂ ਨੂੰ ਉੱਚ ਪੱਧਰੀ ਸਿੱਖਿਆ ਪ੍ਰਦਾਨ ਕਰਨ ਵਿਚ ਮਦਦ ਕਰੇਗੀ ਸਗੋਂ ਜ਼ਿਲ੍ਹੇ ਦੀ ਵਿੱਦਿਅਕ ਤਰੱਕੀ ਨੂੰ ਵੀ ਨਵੀਂ ਦਿਸ਼ਾ ਪ੍ਰਦਾਨ ਕਰੇਗੀ।ਇਸ ਸਬੰਧੀ ਜ਼ਿਲ੍ਹਾ ਸਿੱਖਿਆ ਅਫ਼ਸਰ (ਐਲੀਮੈਂਟਰੀ/ਸੈਕੰਡਰੀ) ਲਲਿਤਾ ਅਰੋੜਾ ਨੇ ਦੱਸਿਆ ਕਿ ਨਵੋਦਿਆ ਵਿਦਿਆਲਿਆ ਵਿਚ ਅਕਾਦਮਿਕ ਸੈਸ਼ਨ 2025-26 ਲਈ 9ਵੀਂ ਅਤੇ 11ਵੀਂ ਜਮਾਤ ਵਿਚ ਦਾਖਲੇ ਲਈ ਆਨਲਾਈਨ ਰਜਿਸਟ੍ਰੇਸ਼ਨ ਦੀ ਆਖਰੀ ਮਿਤੀ 23 ਸਤੰਬਰ 2025 ਨਿਰਧਾਰਤ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਜੋ ਵਿਦਿਆਰਥੀ ਇਸ ਸਮੇਂ 8ਵੀਂ ਜਮਾਤ ਵਿਚ ਪੜ੍ਹ ਰਹੇ ਹਨ, ਉਹ 9ਵੀਂ ਜਮਾਤ ਵਿਚ ਦਾਖ਼ਲੇ ਲਈ ਅਪਲਾਈ ਕਰ ਸਕਦੇ ਹਨ। ਇਸੇ ਤਰ੍ਹਾਂ, ਸਿਰਫ਼ ਉਹੀ ਵਿਦਿਆਰਥੀ ਜੋ 10ਵੀਂ ਜਮਾਤ ਵਿਚ ਪੜ੍ਹ ਰਹੇ ਹਨ, 11ਵੀਂ ਜਮਾਤ ਵਿਚ ਦਾਖ਼ਲੇ ਲਈ ਯੋਗ ਹੋਣਗੇ। ਜ਼ਿਲ੍ਹਾ ਸਿੱਖਿਆ ਅਫ਼ਸਰ ਨੇ ਇਹ ਵੀ ਦੱਸਿਆ ਕਿ ਨਵੋਦਿਆ ਵਿਦਿਆਲਿਆ ਵਿਚ ਮਿਆਰੀ ਸਿੱਖਿਆ ਦੇ ਨਾਲ-ਨਾਲ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਂਦਾ ਹੈ। ਪੇਂਡੂ ਅਤੇ ਸ਼ਹਿਰੀ ਪਿਛੋਕੜ ਵਾਲੇ ਹੋਣਹਾਰ ਵਿਦਿਆਰਥੀ ਇਥੇ ਆਪਣੀ ਪ੍ਰਤਿਭਾ ਨੂੰ ਨਵੀਂ ਦਿਸ਼ਾ ਦੇ ਸਕਦੇ ਹਨ। ਉਨ੍ਹਾਂ ਕਿਹਾ ਕਿ ਇਹ ਮੌਕਾ ਉਨ੍ਹਾਂ ਵਿਦਿਆਰਥੀਆਂ ਲਈ ਵਿਸ਼ੇਸ਼ ਤੌਰ 'ਤੇ ਲਾਭਦਾਇਕ ਹੈ ਜੋ ਵਿੱਤੀ ਤੌਰ 'ਤੇ ਸੀਮਤ ਸਾਧਨਾਂ ਦੇ ਬਾਵਜੂਦ ਬਿਹਤਰ ਸਿੱਖਿਆ ਪ੍ਰਾਪਤ ਕਰਨਾ ਚਾਹੁੰਦੇ ਹਨ।ਉਨ੍ਹਾਂ ਅੱਗੇ ਦੱਸਿਆ ਕਿ ਆਨਲਾਈਨ ਰਜਿਸਟ੍ਰੇਸ਼ਨ ਲਈ ਲਿੰਕ ਵਿਭਾਗ ਦੀ ਅਧਿਕਾਰਤ ਵੈੱਬਸਾਈਟ 'ਤੇ ਉਪਲਬੱਧ ਹੈ। ਉਨ੍ਹਾਂ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਅਪੀਲ ਕੀਤੀ ਗਈ ਹੈ ਕਿ ਉਹ ਆਖ਼ਰੀ ਮਿਤੀ ਦੀ ਉਡੀਕ ਨਾ ਕਰਨ ਅਤੇ ਸਮੇਂ ਸਿਰ ਅਰਜ਼ੀ ਪ੍ਰਕਿਰਿਆ ਪੂਰੀ ਕਰਨ। ਕਿਸੇ ਵੀ ਤਰ੍ਹਾਂ ਦੀ ਤਕਨੀਕੀ ਸਮੱਸਿਆ ਤੋਂ ਬਚਣ ਲਈ ਜਲਦੀ ਰਜਿਸਟਰ ਕਰਨਾ ਉਚਿਤ ਹੋਵੇਗਾ।

# ਜ਼ਿਲ੍ਹਾ ਪੱਧਰੀ ਮਹਾਨ ਕੀਰਤਨ ਦਰਬਾਰ ਨੂੰ ਸਮਰਪਿਤ ਗੁਰਮਤਿ ਸਮਾਗਮ 23 ਸਤੰਬਰ ਨੂੰ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਵਿਖੇ

**ਬੰਗਾ (ਚਰਨਜੀਤ ਸੱਲ੍ਹਾਂ)** ਗੁਰੂ ਨਾਨਕ ਦੇਵ ਜੀ ਦੇ 556 ਸਾਲਾ ਪ੍ਰਕਾਸ਼ ਪੁਰਬ ਅਤੇ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ 350 ਸਾਲਾ ਸ਼ਤਾਬਦੀ ਸ਼ਹੀਦੀ ਪੁਰਬ (ਸਾਕਾ-ਏ-ਚਾਂਦਨੀ ਚੌਂਕ) ਨੂੰ ਸਮਰਪਿਤ ਗੁਰੂ ਨਾਨਕ ਮਿਸ਼ਨ ਸੇਵਾ ਸੁਸਾਇਟੀ ਨਵਾਂਸ਼ਹਿਰ ਵਲੋਂ ਕਰਵਾਏ ਜਾ ਰਹੇ ਜ਼ਿਲ੍ਹਾ ਪੱਧਰੀ ਮਹਾਨ ਕੀਰਤਨ ਦਰਬਾਰ ਨੂੰ ਸਮਰਪਿਤ 23 ਸਤੰਬਰ ਦਿਨ ਮੰਗਲਵਾਰ ਨੂੰ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਵਿਖੇ ਹੋਣ ਵਾਲੇ ਮਹਾਨ ਗੁਰਮਤਿ ਸਮਾਗਮ ਦਾ ਬੈਨਰ ਜਾਰੀ ਕੀਤਾ ਗਿਆ ਅਤੇ ਸਮਾਗਮ ਦੀ ਤਿਆਰੀ ਸਬੰਧੀ ਵਿਸ਼ੇਸ਼ ਇਕੱਤਰਤਾ ਹੋਈ । ਇਸ ਮੌਕੇ ਸ. ਕੁਲਵਿੰਦਰ ਸਿੰਘ ਢਾਹਾਂ ਪ੍ਰਧਾਨ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ ਨੇ ਵਿਸਥਾਰ ਸਹਿਤ ਜਾਣਕਾਰੀ ਦਿੰਦੇ ਦੱਸਿਆ ਕਿ ਜ਼ਿਲ੍ਹਾ ਪੱਧਰੀ ਮਹਾਨ ਕੀਰਤਨ ਦਰਬਾਰ ਨੂੰ ਸਮਰਪਿਤ ਮਹਾਨ ਗੁਰਮਤਿ ਸਮਾਗਮ 23 ਸਤੰਬਰ ਦਿਨ ਮੰਗਲਵਾਰ ਸ਼ਾਮ 5.30 ਤੋਂ ਰਾਤ 9 ਵਜੇ ਤੱਕ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਵਿਖੇ ਹੋਵੇਗਾ । ਜਿਸ ਵਿੱਚ ਪੰਥ ਦੇ ਪ੍ਰਸਿੱਧ ਰਾਗੀ ਭਾਈ ਸ਼ੁੱਭਦੀਪ ਸਿੰਘ ਹਜ਼ੂਰੀ ਰਾਗੀ ਸੱਚਖੰਡ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਅਤੇ ਪੰਥ ਪ੍ਰਸਿੱਧ ਕਥਾਵਾਚਕ ਡਾ. ਸਰਬਜੀਤ ਸਿੰਘ ਰੇਣਕਾ ਸੰਗਤਾਂ ਨੂੰ ਗੁਰਬਾਣੀ ਕੀਰਤਨ ਅਤੇ ਗੁਰਬਾਣੀ ਕਥਾ ਦੁਆਰਾ ਨਿਹਾਲ ਕਰਨਗੇ। ਇਸ ਮੌਕੇ ਗੁਰੂ ਕੇ ਲੰਗਰ ਅਤੁੱਟ ਵਰਤਾਏ ਜਾਣਗੇ । ਸ. ਢਾਹਾਂ ਨੇ ਦੱਸਿਆ ਕਿ ਇਹ ਗੁਰਮਤਿ ਸਮਾਗਮ ਗੁਰੂ ਨਾਨਕ ਮਿਸ਼ਨ ਸੇਵਾ ਸੁਸਾਇਟੀ ਨਵਾਂਸ਼ਹਿਰ ਦੇ ਸਹਿਯੋਗ ਨਾਲ ਕਰਵਾਇਆ ਜਾ ਰਿਹਾ ਹੈ । ਉਹਨਾਂ ਨੇ ਮਹਾਨ ਗੁਰਮਤਿ ਸਮਾਗਮ ਵਿਚ ਇਲਾਕਾ ਨਿਵਾਸੀ ਸੰਗਤਾਂ ਨੂੰ ਪੁੱਜਣ ਦੀ ਅਪੀਲ ਕੀਤੀ । ਸਮਾਗਮ ਦਾ ਬੈਨਰ ਜਾਰੀ ਕਰਨ ਮੌਕੇ ਭਾਈ ਜੋਗਾ ਸਿੰਘ ਹਜ਼ੂਰੀ ਰਾਗੀ, ਸ. ਮਹਿੰਦਰਪਾਲ ਸਿੰਘ ਦਫ਼ਤਰ ਸੁਪਰਡੈਂਟ, ਪ੍ਰਿੰਸੀਪਲ ਰਮਨਦੀਪ ਕੌਰ ਗੁਰੂ ਨਾਨਕ ਕਾਲਜ ਆਫ ਨਰਸਿੰਗ, ਜਸਵੀਰ ਸਿੰਘ, ਸੁਰਜੀਤ ਸਿੰਘ, ਭੁਪਿੰਦਰ ਸਿੰਘ ਵੀ ਹਾਜ਼ਰ ਸਨ ।




ਮੀਟਿੰਗ ਉਪਰੰਤ ਗੁਰਮਤਿ ਸਮਾਗਮ ਦਾ ਬੈਨਰ ਜਾਰੀ ਕਰਨ ਮੌਕੇ ਸ. ਕੁਲਵਿੰਦਰ ਸਿੰਘ ਢਾਹਾਂ ਪ੍ਰਧਾਨ।

# ਖੁਰਾਲਗੜ ਸਾਹਿਬ ਤੋ ਗੁਰੂ ਰਵਿਦਾਸ ਮਹਾਰਾਜ ਜੀ ਦੇ ਸਨਮਾਨ ਵਿੱਚ ਆ ਰਹੀ ਯਾਤਰਾ ਦਾ ਭਰਵਾਂ ਸਵਾਗਤ ਕੀਤਾ ਜਾਵੇਗਾ ਪ੍ਰਵੀਨ ਬੰਗਾ



**ਬੰਗਾ ( ਚਰਨਜੀਤ ਸੱਲ੍ਹਾਂ )** 20 ਸਤੰਬਰ ਨੂੰ ਬਸਪਾ ਵਲੋਂ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਸਨਮਾਨ ਵਿੱਚ ਖੁਰਾਲਗੜ ਸਾਹਿਬ ਤੋ ਆ ਰਹੀ ਯਾਤਰਾ ਦਾ ਬੰਗਾ ਸ਼ਹਿਰ, ਗੁਣਾਚੌਰ ਮੁਕੰਦਪੁਰ ਵਿੱਚ ਸਵਾਗਤ ਲਈ ਗੁਣਾਚੌਰ ਵਿੱਚ ਸਾਥੀਆਂ ਨਾਲ ਵਿਚਾਰ ਵਿਟਾਂਦਰਾ ਕਰਦੇ ਹੋਏ ਬਸਪਾ ਦੇ ਸੂਬਾਈ ਜਨਰਲ ਸਕੱਤਰ ਪ੍ਰਵੀਨ ਬੰਗਾ ਜੋਨ ਇੰਚਾਰਜ ਨੇ ਆਖਿਆ ਸਨਮਾਨ ਯਾਤਰਾ ਲਈ ਗੁਰੂ ਰਵਿਦਾਸ ਮਹਾਰਾਜ ਨਾਮਲੇਵਾ ਸੰਗਤ ਉਤਸਾਹਿਤ ਹਨ ਉਥੇ ਸਰਕਾਰ ਵਲੋਂ ਪੰਜਾਬ ਦੇ ਵੱਖ ਵੱਖ ਇਲਾਕਿਆਂ ਵਿੱਚ ਮਹਾਂਪੁਰਸ਼ਾ ਦੇ ਧਾਰਮਿਕ ਅਸਥਾਨਾਂ ਦੀ ਕੀਤੀ ਜਾ ਰਹੀ ਬੇਅਦਬੀ ਸੰਬੰਧੀ ਗੁੱਸਾ ਵੀ ਪਾਇਆ ਜਾ ਰਿਹਾ ਹੈ ਇਸ ਮੋਕੇ ਤੇ ਜਿਲੇ ਦੇ ਸੀਨੀਅਰ ਆਗੂ ਬਸਪਾ ਆਗੂ ਵਿਜੇ ਕੁਮਾਰ ਗੁਣਾਚੌਰ , ਗੁਰਦੇਵ ਰਾਮ, ਭਲਵਾਨ ਜਗਦੀਸ਼ ਗੁਰੂ, ਕੁਲਦੀਪ ਵਿਰਦੀ , ਹੈਪੀ ਬਸਰਾ ਜੀ ਤੋ ਇਲਾਵਾ ਸਾਥੀ ਹਾਜ਼ਰ ਹੋਏ।

# ਹੁਸਨ ਲਾਲ ਬਸਰਾ ਇਟਲੀ ਵਾਲਿਆਂ ਨੇ ਆਰਥਿਕ ਮੱਦਦ ਕੀਤੀ



**ਬੰਗਾ ( ਚਰਨਜੀਤ ਸੱਲ੍ਹਾਂ )** ਵਿਧਾਨ ਸਭਾ ਹਲਕਾ ਬੰਗਾ ਦੇ ਪਿੰਡ ਗੁਣਾਚੌਰ ਵਿਖੇ ਪਿਛਲੇ ਦਿਨੀਂ ਭਾਰੀ ਮੀਂਹ ਨਾਲ ਬਹੁਤ ਸਾਰੇ ਘਰ ਨੁਕਸਾਨੇ ਗਏ ਸਨ ਇਹਨਾਂ ਵਿਚੋਂ ਇੱਕ ਹਰਵਿੰਦਰ ਕੌਰ ਪਤਨੀ ਸੁਖਦੇਵ ਦਾ ਸੀ ਜੋ ਕਿ ਬੁਰੀ ਨਾਲ ਆਈਆਂ ਤਰੇੜਾਂ ਕਾਰਨ ਰਹਿਣਯੋਗ ਨਹੀਂ ਰਿਹਾ। ਸੁਖਦੇਵ ਦੀ ਲੜਕੀ ਦਾ 2 ਅਕਤੂਬਰ ਨੂੰ ਵਿਆਹ ਵੀ ਹੈ। ਅੱਜ ਸਾਡੇ ਪਿੰਡ ਦੇ ਨੌਜਵਾਨ ਬਲਜੀਤ ਬਸਰਾ ਸਪੁੱਤਰ ਸ੍ਰੀ ਹੁਸਨ ਲਾਲ ਬਸਰਾ ਜੋ ਕਿ ਇਟਲੀ ਵਿੱਚ ਰਹਿੰਦੇ ਹਨ ਉਹਨਾਂ ਨੇ ਪਰਿਵਾਰ ਨੂੰ ਦੱਸ ਹਜ਼ਾਰ ਰੁਪਏ ਦੀ ਮੱਦਦ ਭੇਜੀ ਜੋ ਕਿ ਪਰਿਵਾਰ ਨੂੰ ਦੇਣ ਸਮੇਂ ਵਿਜੈ ਗੁਣਾਚੌਰ, ਜਗਦੀਸ਼ ਗੁਰੂ, ਮੈਂਬਰ ਪੰਚਾਇਤ ਗੁਰਦੇਵ ਰਾਮ, ਹੈਪੀ ਬਸਰਾ ਹਾਜ਼ਰ ਸਨ।

# ਅਮਰੀਕਾ ਦੇ ਉੱਘੇ ਕਬੱਡੀ ਪ੍ਰਮੋਟਰ ਮੋਹਣਾ ਜੋਧਾਂ ਵੱਲੋਂ ਕਬੱਡੀ ਕਮੈਂਟੇਟਰ ਮੱਖਣ ਅਲੀ, ਕਕਰਾਲੀ, ਸਹੋਲੀ ਅਤੇ ਕੋਚ ਦਵਿੰਦਰ ਸਿੰਘ ਦਾ ਕੀਤਾ ਵਿਸ਼ੇਸ਼ ਸਨਮਾਨ





**ਅਮਰੀਕਾ (ਹਰਜਿੰਦਰ ਪਾਲ ਛਾਬੜਾ)** ਸਿਆਟਲ ਦੀ ਸਰਜ਼ਮੀਨ ਤੇ ਵੱਸਦੇ ਕਬੱਡੀ ਦੇ ਉੱਘੇ ਖੇਡ ਪ੍ਰਮੋਟਰ , ਜਰਖੜ ਖੇਡਾਂ ਦੇ ਐਨਆਰਈ ਵਿੰਗ ਦੇ ਚੇਅਰਮੈਨ ਮਨਮੋਹਣ ਗਰੇਵਾਲ ਉਰਫ ਮੋਹਣਾ ਜੋਧਾਂ ਅਤੇ ਉਹਨਾਂ ਦੀ ਪੂਰੀ ਖੇਡ ਕਮੇਟੀ ਵੱਲੋਂ ਸਿਆਟਲ ਵਿਖੇ ਉਚੇਚੇ ਤੌਰ ਤੇ ਪੁੱਜੇ ਕਬੱਡੀ ਦੇ ਅੰਤਰਰਾਸ਼ਟਰੀ ਪੱਧਰ ਤੇ ਆਪਣੀ ਪਹਿਚਾਣ ਬਣਾ ਚੁੱਕੇ ਨਾਮੀ ਕਮੈਂਟੇਟਰ ਮੱਖਣ ਅਲੀ, ਸੁਰਜੀਤ ਸਿੰਘ ਕਕਰਾਲੀ , ਨਾਮੀ ਕਬੱਡੀ ਖਿਡਾਰੀ ਰਣਜੀਤ ਸਿੰਘ ਸਹੌਲੀ ਅਤੇ ਕਬੱਡੀ ਕੋਚ ਦਵਿੰਦਰ ਸਿੰਘ ਚਮਕੌਰ ਸਾਹਿਬ ਦੀਆਂ ਕਬੱਡੀ ਖੇਡ ਪ੍ਰਤੀ ਵਧੀਆ ਸੇਵਾਵਾਂ ਨੂੰ ਵੇਖਦਿਆਂ ਸਿਆਟਲ ਦੇ ਮਹਾਰਾਜ ਪੈਲੇਸ ਕਿੰਟ ਦੇ ਵੈਂਕਟ ਹਾਲ ਵਿਖੇ ਇੱਕ ਬਹੁਤ ਹੀ ਪ੍ਰਭਾਵਸ਼ਾਲੀ ਸਮਾਗਮ ਦੌਰਾਨ ਵਿਸ਼ੇਸ਼ ਸਨਮਾਨ ਕੀਤਾ ਗਿਆ । ਇਸ ਮੌਕੇ ਚਾਰੇ ਸ਼ਖਸੀਅਤਾਂ ਨੂੰ ਯਾਦਗਾਰੀ ਐਵਾਰਡਾਂ ਨਾਲ ਸਨਮਾਨਿਆ ਗਿਆ। ਇਸ ਮੌਕੇ ਕਬੱਡੀ ਕਮੈਂਟੇਟਰ ਮੱਖਣ ਅਲੀ ਅਤੇ ਸਰਜੀਤ ਕਕਰਾਲੀ ਨੇ ਆਖਿਆ ਕਿ ਕਬੱਡੀ ਦੇ ਖੇਤਰ ਵਿੱਚ ਮੋਹਣਾ ਜੋਧਾਂ ਹੋਰਾਂ ਦਾ ਖਾਸ ਕਰਕੇ ਅਮਰੀਕਾ ਦੇ ਕਬੱਡੀ ਵਿੱਚ ਵਿਸ਼ੇਸ਼ ਯੋਗਦਾਨ ਹੈ । ਉਨਾ ਵੱਲੋਂ ਬਣਾਈ ਗਈ ਕਬੱਡੀ ਟੀਮ ਪੰਜਾਬ ਸਪੋਰਟਸ ਕਬੱਡੀ ਕਲੱਬ ਸਿਆਟਲ ਨੇ ਟੀਮ ਦੇ ਕਪਤਾਨ ਪਾਲਾ ਜਲਾਲਪੁਰ ਦੀ ਅਗਵਾਈ ਹੇਠ ਅਮਰੀਕਾ ਦੇ ਕਬੱਡੀ ਜਗਤ ਵਿੱਚ ਕੁਝ ਵਰੇ ਪਹਿਲਾਂ ਇੱਕ ਵਿਲੱਖਣ ਪਹਿਚਾਣ ਬਣਾਈ ਸੀ, ਇਸ ਟੀਮ ਵਿੱਚ ਕਬੱਡੀ ਦੇ ਸਾਰੇ ਦੁਨੀਆਂ ਪ੍ਰਸਿੱਧ ਸਟਾਰ ਖਿਡਾਰੀ ਖੇਡਦੇ ਸਨ। ਇਸ ਟੀਮ ਕਰਕੇ ਹੀ ਸਿਆਟਲ ਸ਼ਹਿਰ ਕਬੱਡੀ ਦੇ ਖੇਤਰ ਵਿੱਚ ਬਹੁਤ ਚਰਚਿਤ ਹੋ ਗਿਆ ਸੀ। ਇਸ ਤੋਂ ਇਲਾਵਾ ਮੋਹਣਾ ਜੋਧਾਂ ਹੋਰਾਂ ਨੇ ਪੰਜਾਬ ਦੀਆਂ ਖੇਡਾਂ ਦੀ ਬੇਹਤਰੀ ਲਈ ਹਰ ਸਾਲ ਆਪਣਾ ਅਹਿਮ ਯੋਗਦਾਨ ਦਿੰਦੇ ਹਨ। ਮਾਲਵੇ ਦੀਆਂ ਮਕਬੂਲ ਜਰਖੜ ਖੇਡਾਂ ਉੱਤੇ ਉਹਨਾਂ ਦੇ ਸਤਿਕਾਰਯੋਗ ਪਿਤਾ ਸਵਰਗੀ ਸਰਦਾਰ ਨਾਇਬ ਸਿੰਘ ਗਰੇਵਾਲ ਜੋਧਾਂ ਦੀ ਯਾਦ ਵਿੱਚ ਕਬੱਡੀ ਦਾ ਹਰ ਸਾਲ ਵੱਡਾ ਕੱਪ ਹੁੰਦਾ ਹੈ। ਉਹਨਾਂ ਦੱਸਿਆ ਕਿ ਜਰਖੜ ਖੇਡਾਂ ਦੇ ਫਾਈਨਲ ਸਮਾਰੋਹ ਤੇ ਇਸ ਵਰ੍ਹੇ ਦਾ ਸਵਰਗੀ ਕਬੱਡੀ ਕੋਚ ਦੇਵੀ ਦਿਆਲ ਯਾਦਗਰੀ ਐਵਾਰਡ ਵੀ ਕਬੱਡੀ ਦੇ ਨਾਮੀ ਕਮੈਂਟੇਟਰ ਮੱਖਣ ਅਲੀ ਨੂੰ ਦੇਕੇ ਸਨਮਾਨਿਤ ਕੀਤਾ ਜਾਵੇਗਾ। ਇਸ ਮੌਕੇ ਭਾਈ ਮਨਮੋਹਣ ਗਰੇਵਾਲ ਪੁਰਖ ਮਣਾ ਯੋਧਾ ਹੋਰਾਂ ਨੇ ਆਏ ਮਹਿਮਾਨਾਂ ਨੂੰ ਜੀ ਆਇਆ ਆਖਦਿਆਂ ਆਖਿਆ ਕਿ ਉਹਨਾਂ ਦਾ ਮੁਢਲਾ ਫਰਜ ਬਣਦਾ ਹੈ ਕਿ ਜੋ ਵੀ ਇਨਸਾਨ ਖੇਡਾਂ ਦੇ ਖੇਤਰ ਵਿੱਚ ਆਪਣੀ ਵਧੀਆ ਸੇਵਾਵਾਂ ਦਿੰਦਾ ਹੈ ਉਸਨੂੰ ਵਧੀਆ ਮਾਣ ਸਤਿਕਾਰ ਦਿੱਤਾ ਜਾਵੇ। ਇਸ ਮੌਕੇ ਬਾਈ ਪਾਲੀ ਅਟਵਾਲ ਅਮਰੀਕਾ , ਤੇਜਿੰਦਰ ਸਿੰਘ ਢਿੱਲੋਂ,ਮਨਜੀਤ ਸਿੰਘ ਚਾਹਲ, ਕੁਲਵੰਤ ਸਿੰਘ ਮਿਨਹਾਸ, ਖਹਿਰਾ ਬਾਈ, ਬਲਜੀਤ ਸਿੰਘ ਸੈਹੰਬੀ , ਕਰਨੈਲ ਸਿੰਘ ਕੈਲ, ਹਰਸਿਮਰਤ ਸਿੰਘ ਚਾਹਿਲ, ਜੁਗਰਾਜ ਸਿੰਘ ਜੋਧਾਂ, ਗੁਰਲਾਲਪ੍ਰੀਤ ਸਿੰਘ ਜਰਖੜ ਆਦਿ ਸਿਆਟਲ ਦੀਆਂ ਹੋਰ ਨਾਮੀ ਸ਼ਖਸੀਅਤਾਂ ਵਿਸ਼ੇਸ਼ ਤੌਰ ਤੇ ਹਾਜ਼ਰ ਸਨ।

# ਹਿੰਦੁਸਤਾਨ ਬਲੱਡ ਡੋਨਰ ਕਲੱਬ ਵੱਲੋਂ ਸਨਮਾਨ




**ਬੰਗਾ (ਚਰਨਜੀਤ ਸੱਲ੍ਹਾਂ )** ਹਿੰਦੁਸਤਾਨ ਬਲੱਡ ਡੋਨਰ ਕਲੱਬ (ਰਜਿ) ਫਗਵਾੜਾ ਵੱਲੋ ਮਨੁੱਖੀ ਅਧਿਕਾਰ ਮੰਚ ਜਿਲਾ ਸ਼ਹੀਦ ਭਗਤ ਸਿੰਘ ਨਗਰ ਦੇ ਚੇਅਰਮੈਨ ਸ਼੍ਰੀ ਸੁਨੀਲ ਰਟੈਂਡਾ ਅਤੇ ਜਿਲਾ ਲੁਧਿਆਣਾ ਦੇ ਚੇਅਰਮੈਨ ਸ਼੍ਰੀ ਪਰਮਿੰਦਰ ਸੇਖੋਂ ਦਾ 31ਵੇਂ ਸਾਲਾਨਾ ਖੂਨਦਾਨ ਕੈਂਪ ਵਿੱਚ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਹ ਸਨਮਾਨ 14 ਸਤੰਬਰ ਨੂੰ ਚੇਅਰਮੈਨ ਸ਼੍ਰੀ ਸੁਨੀਲ ਵੱਲੋਂ ਸਮਾਜਿਕ ਖੇਤਰ ਵਿਚ ਸਮੇ ਸਮੇ ਆਪਣਾ ਵਡਮੁੱਲਾ ਯੋਗਦਾਨ ਪਾਉਣ ਲਈ ਸਾਬਕਾ ਐੱਮ ਪੀ ਅਤੇ ਫਾਰਮਲ ਯੂਨੀਅਨ ਮੰਤਰੀ ਭਾਰਤ ਸਰਕਾਰ ਸ਼੍ਰੀ ਸੋਮ ਪ੍ਰਕਾਸ਼ ਵੱਲੋ ਮਹਾਰਾਜਾ ਪੈਲੇਸ ਫਗਵਾੜਾ ਵਿਖੇ ਦਿੱਤਾ ਗਿਆ। ਇਸ ਪ੍ਰੋਗਰਾਮ ਦਾ ਉਦੇਸ਼ ਨੌਜਵਾਨ ਪੀੜ੍ਹੀ ਨੂੰ ਮਨੁੱਖਤਾ ਦੀ ਸੇਵਾ ਹਿੱਤ ਖੂਨਦਾਨ ਮਹਾਂਦਾਨ ਦੀ ਮਹੱਤਤਾ ਦਰਸਾਉਣਾ ਸੀ। ਇਸ ਵਿਸ਼ਾਲ ਖੂਨਦਾਨ ਕੈਂਪ ਵਿੱਚ 1200 ਤੋਂ ਜਿਆਦਾ ਖੂਨਦਾਨੀਆਂ ਨੇ ਖੂਨਦਾਨ ਕੀਤਾ। ਦੋਨੋ ਮੰਚ ਚੇਅਰਮੈਨ ਤੇ ਟੀਮ ਵੱਲੋਂ ਤੇ ਇਸ ਵਿਸ਼ਾਲ ਮਹਾਂਦਾਨ ਪ੍ਰੋਗਰਾਮ ਦੀ ਕਾਫੀ ਤਾਰੀਫ ਕੀਤੀ। ਤੇ ਅੱਗੇ ਤੋਂ ਮੰਚ ਵੱਲੋਂ ਹੋਰ ਜ਼ਿਆਦਾ ਸਹਿਯੋਗ ਦੇਣ ਦਾ ਵਿਸ਼ਵਾਸ ਦਿਵਾਇਆ। ਪ੍ਰੋਗਰਾਮ ਦੇ ਅੰਤ 'ਚ ਚੇਅਰਮੈਨ ਸ਼੍ਰੀ.ਸੁਨੀਲ ਵਲੋਂ ਸ਼੍ਰੀ ਹਰਜਿੰਦਰ ਗੋਗਨਾ ਤੇ ਸੰਸਥਾ ਦਾ ਸਾਰੇ ਸਹਿਯੋਗੀਆਂ ਦਾ, ਨੌਜਵਾਨਾਂ ਅਤੇ ਮੀਡੀਆ ਸਾਥੀਆਂ ਦਾ ਧੰਨਵਾਦ ਕੀਤਾ ਗਿਆ ਜਿਨ੍ਹਾਂ ਨੇ ਇਹ ਸਮਾਗਮ ਸਫਲ ਬਣਾਉਣ ਵਿਚ ਆਪਣਾ ਯੋਗਦਾਨ ਪਾਇਆ।

# ਸਮਾਜ ਪ੍ਰਤੀ ਉਸਾਰੂ ਸੋਚ ਅਤੇ ਲੋੜਵੰਦਾਂ ਲਈ ਤਤਪਰਤਾ ਰੱਖਣ ਵਾਲੀ ਸ਼ਖਸ਼ੀਅਤ ਦਾ ਮਾਲਕ ਹੈ ਪੰਜਾਬੀ ਸ਼ਾਇਰ ਮਹਿੰਦਰ ਸੂਦ ਵਿਰਕ

**ਢਾਹਾਂ ਕਲੇਰਾਂ (ਚਰਨਜੀਤ ਸੱਲ੍ਹਾਂ)** ਥੋੜ੍ਹੇ ਜਿਹੇ ਸਮੇਂ ਵਿੱਚ ਹੀ ਬੁਲੰਦੀਆਂ ਨੂੰ ਛੂਹਣਾ, ਗੱਲ ਆਮ ਨਹੀਂ ਹੁੰਦੀ, ਅਜਿਹੇ ਰਾਹਾਂ ਦੇ ਪਾਂਧੀ ਖਾਸ ਹੁੰਦੇ ਹਨ। ਉਹਨਾਂ ਖਾਸ ਪਾਂਧੀਆਂ ਵਿੱਚੋਂ ਇੱਕ ਵਿਲੱਖਣ ਸ਼ਖਸ਼ੀਅਤ ਦਾ ਮਾਲਕ ਹੈ, ਸ਼ਾਇਰ ਮਹਿੰਦਰ ਸੂਦ ਵਿਰਕ। ਉੱਚੇਰੀ ਵਿੱਦਿਆ ਪ੍ਰਾਪਤ ਕਰਨ ਦੇ ਨਾਲ ਨਾਲ ਆਪਣੀ ਕਲਮ ਨੂੰ ਨਿਖਾਰਦਿਆਂ ਹੁਣ ਤੱਕ ਤਿੰਨ ਡਿਜ਼ੀਟਲ ਕਾਵਿ ਸੰਗ੍ਰਹਿ ਲੋਕ ਅਰਪਣ ਕਰ ਚੁੱਕਿਆ ਹੈ ਅਤੇ ਬਹੁਤ ਸਾਰੀਆਂ ਸੰਸਥਾਵਾਂ ਤੋਂ ਮਾਣ ਸਨਮਾਣ ਪ੍ਰਾਪਤ ਕਰ ਚੁੱਕਾ ਹੈ। ਇਸ ਨੂੰ ਮੈਂ ਇਸ ਦੇ ਕਾਲਜ਼ ਸਮੇਂ ਤੋਂ ਹੀ ਬਹੁਤ ਨੇੜਿਓਂ ਦੇਖਿਆ ਹੈ ਕਿਉਂਕਿ ਇਸ ਦੇ ਅਮਰਦੀਪ ਸਿੰਘ ਸ਼ੇਰਗਿੱਲ ਮੈਮੋਰੀਅਲ ਮੁਕੰਦਪੁਰ ਕਾਲਜ਼ ਜਾਣ ਦਾ ਮੇਰਾ ਵੀ ਸਬੱਬ ਬਣਦਾ ਰਹਿੰਦਾ ਸੀ। ਮਹਿੰਦਰ ਸੂਦ ਵਿਰਕ ਵਿਦਿਆਰਥੀ ਸਮੇਂ ਤੋਂ ਹੀ ਸਮਾਜ ਪ੍ਰਤੀ ਜ਼ਿੰਮੇਵਾਰ ਸੀ ਅਤੇ ਉਸਾਰੂ ਸੋਚ ਰੱਖਦਾ ਸੀ। ਸਮਾਜ ਪ੍ਰਤੀ ਕੁੱਝ ਕਰ ਗੁਜ਼ਰਨ ਲਈ ਤੱਤਪਰ ਰਹਿੰਦਾ ਸੀ। ਸਮਾਜ ਪ੍ਰਤੀ ਆਪਣੇ ਮਨ ਦੇ ਵਲਵਲਿਆਂ ਨੂੰ ਕਲਮ ਰਾਹੀਂ ਲੋਕਾਂ ਸਾਹਮਣੇ ਰੱਖਣ ਵਿੱਚ ਸਫਲ



ਹੋਇਆ ਹੈ। ਅਜਿਹੇ ਅਗਾਂਹ ਵਧੂ ਨੌਜਵਾਨਾਂ ਦੀ ਸੋਚ, ਸਮਾਜ ਲਈ ਚਾਨਣ ਮੁਨਾਰਾ ਅਤੇ ਰਾਹ ਦਸੇਰਾ ਬਣਦੀ ਹੈ। ਸਮਾਜ ਪ੍ਰਤੀ ਉਸਾਰੂ ਸੋਚ ਅਤੇ ਲੋੜਵੰਦਾਂ ਲਈ ਤਤਪਰਤਾ ਇਸ ਦੀ ਸ਼ਖਸ਼ੀਅਤ ਨੂੰ ਹੋਰ ਨਿਖਾਰਦੀ ਹੈ। ਆਪਣੇ ਤਿੰਨ ਕਾਵਿ ਸੰਗ੍ਰਹਿਆਂ, "ਸੱਚ ਦਾ ਹੋਕਾ" , "ਸੱਚ ਕੌੜਾ ਆ" , ਅਤੇ "ਸੱਚ ਵਾਂਗ ਕੱਚ" ਨਾਲ ਆਪਣੇ ਪਾਠਕਾਂ ਦੇ ਮਨਾਂ ਥਾਂ ਬਨ੍ਹਾਉਣ ਵਿੱਚ ਸਫਲ ਹੋਇਆ ਹੈ। ਹੁਣ ਸ਼ਾਇਰ ਮਹਿੰਦਰ ਸੂਦ ਵਿਰਕ ਨੇ ਆਪਣਾ ਚੌਥਾ ਡਿਜ਼ੀਟਲ ਕਾਵਿ ਸੰਗ੍ਰਹਿ "ਸੁੱਚੇ ਹਰਫ਼" ਨੂੰ ਲੋਕ ਅਰਪਣ ਕੀਤਾ ਹੈ। ਮੈਂਨੂੰ ਉਸ ਪ੍ਰਤੀ ਚਾਰ ਸ਼ਬਦ ਲਿੱਖਣ ਵਿੱਚ ਮਾਣ ਮਹਿਸੂਸ ਹੋ ਰਿਹਾ ਹੈ। ਮੈਂ ਅਰਦਾਸ ਕਰਦੀ ਹਾਂ ਕਿ ਉਸ ਦੀ ਕਲਮ ਇਸ ਤਰ੍ਹਾਂ ਹੀ ਸੱਚ ਦੀ ਆਵਾਜ਼ ਬੁਲੰਦ ਕਰਦੀ ਰਹੇ ਅਤੇ ਬੁਲੰਦੀਆਂ ਦੇ ਉੱਚ ਸ਼ਿਖਰ ਨੂੰ ਛੋਹੇ। ਸ਼ੁਭ ਇਸ਼ਾਵਾਂ ।

**ਰਣਜੀਤ ਕੌਰ ਰਿਆਤ**
**ਲਾਇਬ੍ਰੇਰੀਅਨ**
**ਗੁਰੂ ਨਾਨਕ ਕਾਲਜ਼ ਆਫ ਨਰਸਿੰਗ**
**ਢਾਹਾਂ ਕਲੇਰਾਂ**

# ਮਾਸੂਮ ਹਰਵੀਰ ਦੇ ਕਾਤਲ ਨੂੰ ਜਲਦੀ ਤੋਂ ਜਲਦੀ ਫਾਂਸੀ ਦਿੱਤੀ ਜਾਵੇ – ਅਸ਼ੋਕ ਸੂਦ ਹੈਪੀ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਮੌਰਨਿੰਗ ਵਾਕਰ ਕਲੱਬ ਨੇ ਪੰਜ ਸਾਲ ਦੀ ਬੱਚੀ ਦੇ ਕਾਤਲ ਨੂੰ ਜਲਦੀ ਤੋਂ ਜਲਦੀ ਫਾਂਸੀ ਦੇਣ ਦੀ ਮੰਗ ਕੀਤੀ। ਇਸ ਮੌਕੇ ਹੋਈ ਮੀਟਿੰਗ ਵਿੱਚ ਮੌਜੂਦ ਮੈਂਬਰਾਂ ਨੇ ਇਸ ਘਟਨਾ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕੀਤੀ। ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਅਸ਼ੋਕ ਸੂਦ ਹੈਪੀ ਨੇ ਕਿਹਾ ਕਿ ਇਸ ਘਟਨਾ ਨੇ ਮਨੁੱਖਤਾ ਨੂੰ ਸ਼ਰਮਸਾਰ ਕੀਤਾ ਹੈ ਅਤੇ ਇਸਦੀ ਜਿੰਨੀ ਨਿੰਦਾ ਕੀਤੀ ਜਾਵੇ ਓਨੀ ਘੱਟ ਹੈ। ਉਨ੍ਹਾਂ ਕਿਹਾ ਕਿ ਜਿਸ ਤਰ੍ਹਾਂ ਇੱਕ ਗੰਦੀ ਮੱਛੀ ਪੂਰੇ ਤਲਾਅ ਨੂੰ ਗੰਦਾ ਕਰ ਦਿੰਦੀ ਹੈ, ਉਸੇ ਤਰ੍ਹਾਂ ਮਾੜੀ ਮਾਨਸਿਕਤਾ ਅਤੇ ਅਪਰਾਧਿਕ ਅਕਸ ਵਾਲੇ ਲੋਕ ਪੂਰੇ ਸਮਾਜ ਨੂੰ ਗੰਦਾ ਕਰ ਦਿੰਦੇ ਹਨ। ਉਨ੍ਹਾਂ ਕਿਹਾ ਕਿ ਸਮਾਜ ਨੂੰ ਅਪਰਾਧਿਕ ਰੁਝਾਨਾਂ ਤੋਂ ਬਚਾਉਣ ਲਈ ਬਾਹਰੀ ਲੋਕਾਂ ਦੀ ਪੁਲਿਸ ਵੈਰੀਫਿਕੇਸ਼ਨ ਹੋਣੀ ਚਾਹੀਦੀ ਹੈ। ਇਸ ਦੌਰਾਨ ਸਾਰਿਆਂ ਨੇ ਦੋ ਮਿੰਟ ਦਾ ਮੌਨ ਰੱਖ ਕੇ ਮਾਸੂਮ ਹਰਵੀਰ ਸਿੰਘ ਨੂੰ ਸ਼ਰਧਾਂਜਲੀ ਦਿੱਤੀ। ਇਸ



ਮੌਕੇ ਰਜਿੰਦਰ ਮਲਹੋਤਰਾ, ਰਵਿੰਦਰ ਵਰਮਾ, ਤਿਲਕ ਰਾਜ ਗੁਪਤਾ, ਅਸ਼ੋਕ ਮਲਹੋਤਰਾ, ਸੰਜੂ ਬਜਾਜ, ਮਨੋਹਰ ਪਰਾਸ਼ਰ, ਸੰਜੀਵ ਜੈਨ, ਪੀਸੀ ਸ਼ਰਮਾ, ਰਾਕੇਸ਼ ਸ਼ਰਮਾ, ਮਨੋਜ ਕੁਮਾਰ, ਰਵੀ ਸੋਨੀ, ਛਿੰਦੀ ਪ੍ਰਧਾਨ, ਸਵਰਗੀ। ਗੋਵਿੰਦ ਜਸਵਾਲ, ਅਜੈ ਕੁਮਾਰ ਬਾਵਾ, ਹੰਸਰਾਜ ਸ਼ਰਮਾ, ਸਵਰਗੀ। ਦਰਸ਼ਨ ਸਿੰਘ, ਨਵੀਨ ਗੁਪਤਾ, ਪ੍ਰਦੀਪ ਪਰਾਸ਼ਰ, ਜੋਤ ਸਿੰਘ, ਅਰਪਨ ਸੂਦ, ਵੈਭਵ ਸੋਨੀ, ਪਵਨ ਕੁਮਾਰ, ਕਰਨ ਸ਼ਰਮਾ ਆਦਿ ਹਾਜ਼ਰ ਸਨ।


# "ਕਸਤੂਰੀ ਵਾਂਗ ਸੁਗੰਧਾਂ ਫੈਲਾਉਂਦਾ .ਗਜ਼ਲ ਸੰਗ੍ਰਹਿ-ਕਸਤੂਰੀ"

**ਪੁਸਤਕ ਦਾ ਨਾਂ - ਕਸਤੂਰੀ (.ਗਜ਼ਲ ਸੰਗ੍ਰਹਿ)**
**ਲੇਖਕ - ਮਾਲਵਿੰਦਰ ਸ਼ਾਇਰ**
**ਪੰਨੇ - 136**
**ਕੀਮਤ - 250/- ਰੁਪਏ**
**ਪ੍ਰਕਾਸ਼ਕ - ਕੈਫੇ ਵਰਲਡ, ਮੰਡੀ ਕਲਾਂ।**

.ਗਜ਼ਲ ਸਾਹਿਤ ਦੀ ਇੱਕ ਅਜਿਹੀ ਕਾਵਿ ਵਿਧਾ ਹੈ ਜਿਸ ਨੂੰ ਸਿਰਫ ਔਰਤ ਨਾਲ ਗੱਲਾਂ ਕਰਨੀਆਂ ਮੰਨਿਆ ਜਾਂਦਾ ਰਿਹਾ ਹੈ ਪਰ ਵਰਤਮਾਨ ਸਮੇਂ ਇਹ ਆਪਣੇ ਉਕਤ ਸਿਧਾਂਤ ਤੋਂ ਬਹੁਤ ਅੱਗੇ ਲੰਘ ਚੁੱਕੀ ਹੈ। ਹੁਣ ਕੇਵਲ ਇਸਤਰੀ ਨਾਲ ਗੱਲਾਂ ਕਰਨੀਆਂ ਜਾਂ ਉਸਤੱਤ ਕਰਨਾ ਹੀ ਨਹੀਂ ਰਹਿ ਗਿਆ ਸਗੋਂ ਇਸ ਵਿਚ ਲੋਕਾਈ ਦਾ ਦੁੱਖ ਦਰਦ, ਸਮਾਜਿਕ, ਆਰਥਿਕ, ਰਾਜਨੀਤਕ ਆਦਿ ਵਿਸ਼ੇ ਵੀ ਸ਼ਾਮਲ ਹੋ ਗਏ ਹਨ। ਜੇਕਰ ਹੁਣ ਇਹ ਕਹਿ ਲਈਏ ਕਿ .ਗਜ਼ਲ ਸਰਬ ਵਿਆਪੀ ਹੋ ਗਈ ਹੈ ਤਾਂ ਇਸ ਵਿੱਚ ਕੋਈ ਅਤਿਕਥਨੀ ਨਹੀਂ ਹੋਵੇਗੀ।

ਮਾਲਵਿੰਦਰ ਸ਼ਾਇਰ ਭਾਵੇਂ ਹੁਣ .ਗਜ਼ਲਗੋ ਦੇ ਤੌਰ ਤੇ ਸਥਾਪਿਤ ਹੋ ਚੁੱਕਾ ਹੈ ਅਤੇ ਆਪਣੇ ਗੁਰੂ ਸੁਲੱਖਣ ਸਰਹੱਦੀ ਤੋਂ ਉਸਤਾਦ ਦੀ ਉਪਾਧੀ ਵੀ ਗ੍ਰਹਿਣ ਕਰ ਚੁੱਕਾ ਹੈ ਪਰ ਉਸ ਨੇ .ਗਜ਼ਲ ਤੋਂ ਇਲਾਵਾ ਸਾਹਿਤ ਦੇ ਹਰ ਖੇਤਰ ਵਿੱਚ ਕਲਮ ਅਜ਼ਮਾਈ ਕਰਕੇ ਨਾਮਣਾ ਖੱਟਿਆ ਹੈ। ਕਹਾਣੀ, ਹਜ਼ਲ, ਰੁਬਾਈ, ਟੋਟਕੇ, ਨਿੱਕੀ ਕਹਾਣੀ, ਗੀਤ, ਵਿਅੰਗ ਆਦਿ ਉਸ ਦੀਆਂ ਪੁਸਤਕਾਂ ਵਿਚ ਸ਼ੁਮਾਰ ਹਨ। ਮਾਲਵਿੰਦਰ ਸ਼ਾਇਰ ਪ੍ਰੋੜ .ਗਜ਼ਲਗੋ ਹੈ। ਹਾਲ ਹੀ ਵਿਚ ਉਸ ਦਾ ਚੌਥਾ ਅਤੇ ਨਵਾਂ .ਗਜ਼ਲ ਸੰਗ੍ਰਹਿ " ਕਸਤੂਰੀ " ਆਇਆ ਹੈ। ਜਿਵੇਂ ਕਸਤੂਰੀ ਮਿਰਗ ਦੀ ਨਾਭੀ ਵਿੱਚੋ ਸੁਗੰਧ ਦੇਣ ਵਾਲਾ ਪਦਾਰਥ ਹੁੰਦਾ ਹੈ, ਉਵੇਂ ਸ਼ਾਇਰ ਦੀ ਇਹ ਪੁਸਤਕ ਆਪਣੀਆਂ ਰਚਨਾਵਾਂ ਰਾਹੀਂ ਸੁਗੰਧ ਫੈਲਾਉਂਦੀ ਜਾਪਦੀ ਹੈ।

ਇਕ ਕਥਨ ਹੈ ਕਿ ਜਦੋਂ ਇਸ਼ਕ ਦੇ ਕੰਮ ਨੂੰ ਹੱਥ ਲਈਏ ਪਹਿਲਾਂ ਰੱਬ ਦਾ ਨਾਮ ਧਿਆਈਏ ਜੀ ਦੇ ਕਦਮ ਚਿੰਨਾਂ ਤੇ ਚਲਦਿਆਂ ਪੁਸਤਕ ਅਪਣਾ ਆਗਾਜ਼ ਰੱਬ ਦੇ ਨਾਂ ਨਾਲ ਕਰਦਾ ਹੈ। ਪੁਸਤਕ ਵਿਚਲੀਆਂ .ਗਜ਼ਲਾਂ ਐ ਮੇਰੇ ਕਰਤਾਰ ਅਤੇ ਜੁਪ ਨਾਨਕ ਦੀ ਬਾਣੀ ਇਸ ਗੱਲ ਦਾ ਪ੍ਰਮਾਣ ਹਨ। ਇਹਨਾਂ .ਗਜ਼ਲਾਂ ਵਿੱਚ ਮੇਹਨਤ, ਚਮਚਾਗਿਰੀ, ਆਬਾਦੀ, ਪਿਆਰ, ਇਸ਼ਕ ਹਕੀਕੀ ਤੋਂ ਬਿਨਾਂ ਮਨੀਪੁਰ ਦਾ ਦੁਖਾਂਤ, ਹੜ੍ਹਾਂ ਦਾ ਦਰਦ, ਦੇਸ਼ ਭਗਤਾਂ ਦੀ ਯਾਦ ਅਤੇ ਤਿਉਹਾਰਾਂ ਵਰਗੇ ਵਿਸ਼ੇ ਸ਼ਾਮਲ ਹਨ। ਜਿੱਥੇ ਇਹ .ਗਜ਼ਲਾਂ ਸਾਫ ਤੇ ਸਪੱਸ਼ਟ ਗੱਲ ਕਰਦੀਆਂ ਹਨ, ਉੱਥੇ ਕਿਧਰੇ - ਕਿਧਰੇ ਵਿਅੰਗ ਵੀ ਕਸਦੀਆਂ ਪ੍ਰਤੀਤ ਹੁੰਦੀਆਂ ਹਨ।




.ਗਜ਼ਲਾਂ ਦਾ ਮੁਤਾਲਿਆ ਕਰੀਏ ਤਾਂ ਉਹ ਸਮਾਜਿਕ, ਧਾਰਮਿਕ, ਰਾਜਨੀਤਕ ਤੇ ਆਰਥਿਕ ਰੀਤੀ ਰਿਵਾਜ਼ਾਂ ਨੂੰ ਦਰ ਕਿਨਾਰ ਵੀ ਕਰਦੀਆਂ ਜਾਪਦੀਆਂ ਹਨ। .ਗਜ਼ਲ ਵਿੱਚ ਪਿਆਰ ਕਰਨ ਲਈ ਦਿਮਾ.ਗ ਦੀ ਥਾਂ ਦਿਲ ਵਰਤਣ ਦੀ ਗੱਲ ਕਰਦੀਆਂ ਹਨ। ਪ੍ਰੇਮੀਆਂ ਨੂੰ ਨਸੀਹਤ ਕਰਦੀ .ਗਜ਼ਲ ਆਖਦੀ ਹੈ -

" ਵਰਤ ਹਮੇਸ਼ ਦਿਮਾ.ਗ ਰਿਹਾ ਜੋ ਦਿਲ ਦੀ ਥਾਂ,
ਉਹ ਮੇਰਾ ਬਣ ਸਕਦਾ ਹੀ ਦਿਲਦਾਰ ਨਹੀਂ। " (ਪੰਨਾ 15)

ਰਿਸ਼ਤਿਆਂ ਦੀ ਉਲਝਣ ਤਾਣੀ ਵਿਚ ਉਲਝਿਆ ਬੰਦਾ ਆਪਣੇ ਆਪ ਵਿੱਚ ਗੁਆਚ ਜਾਂਦਾ ਹੈ। ਪਰਿਵਾਰ ਨੂੰ ਸੰਭਾਲਦਿਆਂ, ਰਿਸ਼ਤਿਆਂ ਨੂੰ ਨਿਭਾਉਂਦਿਆਂ ਅਤੇ ਸਹਿਜ ਲੱਭਣ ਦਾ ਯਤਨ ਕਰਦਾ ਹੈ। .ਗਜ਼ਲ ਖ਼ੁਦ ਨੂੰ ਟੋਲ ਰਿਹਾ ਹਾਂ ਵਿਚ ਲਿਖਿਆ ਹੈ ਕਿ -

" ਤਿਣਕਾ - ਤਿਣਕਾ ਕਰਕੇ ਮੈਨੂੰ ਸਭ ਨੇ ਵੰਡ ਲਿਆ ਹੈ,
ਅਪਣੇ ਹਿੱਸੇ ਦਾ ਵੀ ਹੁਣ ਨਾ ਅਪਣੇ ਕੋਲ ਰਿਹਾ ਹਾਂ। " (ਪੰਨਾ 126)

ਸੰਵੇਦਨਸ਼ੀਲ ਮਨੁੱਖ ਕਿਸੇ ਵੀ ਦਰਦ ਨੂੰ ਮਹਿਸੂਸ ਕਰਦਾ ਰਹਿੰਦਾ ਹੈ ਅਤੇ ਇਸ ਦੇ ਜਜ਼ਬਾਤ ਅੱਖਾਂ ਵਿੱਚੋ ਹੰਝੂ ਬਣ ਕੇ ਹੜ੍ਹ ਵਾਂਗ ਵਹਿ ਤੁਰਦੇ ਹਨ। ਸ਼ਬਦ ਦਾ ਪ੍ਰਭਾਵ ਉਸ ਨੂੰ ਹੋਰ ਵੀ ਸੰਵੇਦਕ ਬਣਾ ਦਿੰਦਾ ਹੈ। ਪੰਜਾਬ ਦੇ ਲੋਕਾਂ ਦਾ ਬਹੁਤ ਵੱਡਾ ਜੇਰਾ ਤੇ ਦਿਲ ਹੈ। ਪੰਜਾਬ ਦੇ ਦੇਸ਼, ਵਿਦੇਸ਼ ਕਿਧਰੇ ਵੀ ਹੋਣ ਉਹ ਹਰ ਦੁੱਖ ਵਿਚ ਸਾਥ ਨਿਭਾਉਂਦੇ ਹਨ ਅਤੇ ਉਹਨਾਂ ਦੀ ਹਿੰਮਤ ਅਤੇ ਦਲੇਰੀ ਦਾ ਬਿਆਨ ਕਰਦਾ ਇਹ ਸ਼ਿਅਰ ਦੇਖੋ -

" ਦੁੱਖ - ਸੁੱਖ ਵੇ.ਲੇ ਸਾਂਝ ਨਿਭਾਉਂਦੇ, ਇਹ ਪੰਜਾਬ ਦੇ ਜਾਏ,
ਦੇਸ਼ - ਵਿਦੇਸ਼ ਚੋਂ ਉੱਠ ਖਲੋਂਦਾ, ਇਸ ਧਰਤੀ ਦਾ ਜਾਇਆ।" (ਪੰਨਾ 52)

ਪੰਜਾਬੀ ਮਾਂ ਬੋਲੀ ਨੂੰ ਪਿਆਰ ਕਰਨ ਵਾਲੇ ਲੋਕ ਹਮੇਸ਼ਾ ਪੰਜਾਬੀ ਦੀ ਰਹਿਨੁਮਾਈ ਕਰਦੇ ਨਜ਼ਰ ਆਉਂਦੇ ਹਨ। ਘਰ ਬਾਰ ਪੰਜਾਬੀ ਨੂੰ ਪਿਆਰ ਕਰਦੇ ਹਨ ਉਹ ਰੱਬ ਨੂੰ ਵੀ ਪੰਜਾਬੀ ਬੋਲਣ ਲਈ ਆਖਦਾ ਹੈ। ਉਸ ਨਾਲ ਪੰਜਾਬੀ ਬੋਲਾਂਗਾ .ਗਜ਼ਲ ਵਿੱਚ ਮਿਸਰਾ ਦੇਖੋ -

" ਜਦ ਵੀ ਮੈਂ ਰੱਬ ਦੇ ਨਾਲ ਕਦੇ ਇਹ ਭੇਤ ਜਿਗਰ ਦੇ ਫੋਲਾਂਗਾ।
ਸੱਚ ਆਖਾਂ ਮੈਂ ਤਾਂ ਉਸ ਵੇ.ਲੇ ਉਸ ਨਾਲ ਪੰਜਾਬੀ ਬੋਲਾਂਗਾ।" (ਪੰਨਾ 69)

ਇਸੇ ਤਰ੍ਹਾਂ ਮਿਹਨਤਕਸ਼ਾਂ ਦੀ ਗੱਲ ਕਰਦੀ ਗਜ਼ਲ ਜਿੰਨ੍ਹਾ ਦੇਹਾਂ ਉਤੋਂ ਮੁੜ੍ਹਕੇ ਦਾ ਮਿਸਰਾ ਗੌਰ ਤਲਬ ਹੈ -

" ਜਿੰਨ੍ਹਾਂ ਦੇਹਾਂ ਉੱਤੋਂ ਮੁੜ੍ਹਕੇ ਚੋਣ ਦਸੰਬਰ ਵਿੱਚ।
ਐਸੇ ਮਿਹਨਤਕਸ਼ ਨੇ ਆਉਂਦੇ ਪਹਿਲੇ ਨੰਬਰ ਵਿਚ।" (ਪੰਨਾ 90)

ਪੁਸਤਕ ਵਿਚਲੀਆਂ ਹੋਰ .ਗਜ਼ਲਾਂ ਵੀ ਪੜ੍ਹਨਯੋਗ ਹਨ। ਪੁਸਤਕ ਵਿਚ ਕਈ .ਗਜ਼ਲਾਂ ਬਿਲਕੁੱਲ ਛੋਟੀ ਬਹਿਰ ਦੀਆਂ ਵੀ ਹਨ। ਇਸ .ਗਜ਼ਲਗੋ ਤੋਂ ਹੋਰ ਉਸਾਰੂ .ਗਜ਼ਲਾਂ ਦੀ ਆਸ ਕਰਦਿਆਂ ਇਸ ਪੁਸਤਕ ਨੂੰ ਖ਼ੁਸ਼ ਆਮਦੀਦ ਕਿਹਾ ਜਾਂਦਾ ਹੈ।



**ਤੇਜਿੰਦਰ ਚੰਡਿਹੋਕ, ਐਮ ਏ, ਸਾਬਕਾ ਏ ਐਸ ਪੀ (ਰਾਸ਼ਟਰਪਤੀ ਤੋਂ ਐਵਾਰਡ ਜੇਤੂ)**
**ਸੰਸ. ਅਤੇ ਪ੍ਰਧਾਨ ਲੇਖਕ ਪਾਠਕ ਸਾਹਿਤ ਸਭਾ ਰਜਿ ਬਰਨਾਲਾ।**

# ਪੰਜਾਬੀ ਮਾਂ ਬੋਲੀ ਦੇ ਮਾਣਮੱਤੇ ਲੋਕ ਗਾਇਕ ਇੰਦਰ ਮਾਨ ਦਾ ਨਵਾਂ ਗੀਤ "ਦਾਜ" 20 ਸਤੰਬਰ ਨੂੰ ਹੋਵੇਗਾ ਰਿਲੀਜ਼

ਇਹ ਗੀਤ ਸਮਾਜਿਕ ਕੁਰੀਤੀਆਂ ਤੇ ਅਧਾਰਿਤ ਹੈ । ਜੋ ਸਮਾਜ ਦੀ ਦਾਜ ਵਰਗੀ ਲਾਹਨਤ ਦੀ ਗੱਲ ਕਰਦਾ ਹੈ । ਜਿਸ ਕਰਕੇ ਅਨੇਕਾਂ ਧੀਆਂ ਅਦਾਲਤਾਂ ਦੇ ਚੱਕਰ ਕੱਟ ਰਹੀਆਂ ਹਨ ਤੇ ਆਪਣੇ ਜਿੰਦਗੀ ਦੇ ਸੁਨਹਿਰੀ ਪਲ ਦੁੱਖ ਮੁਸੀਬਤ ਵਿੱਚ ਗੁਜਾਰ ਰਹੀਆਂ , ਕੁਝ ਤਾਂ ਦਾਜ ਦੇ ਭੁੱਖੇ ਲੋਕਾਂ ਵੱਲੋ ਜਿਊਂਦੇ ਜੀਅ ਸਾੜ ਦਿੱਤੀਆਂ ਜਾਂ ਮਾਰ ਦਿੱਤੀਆਂ।

ਇਸ ਗੀਤ ਨੂੰ ਆਪਣੇ ਖ਼ੂਬਸੂਰਤ ਸ਼ਬਦਾਂ ਵਿੱਚ ਪਰੋਇਆਂ ਪ੍ਰਸਿੱਧ ਗੀਤਕਾਰ "ਅਵਤਾਰ ਮੁਕਤਸਰੀ ਜੀ" ਨੇ । ਇਸਨੂੰ ਸੰਗੀਤ ਬੱਧ ਕੀਤਾ ਹੈ , ਨਾਮੀ ਸੰਗੀਤਕਾਰ "ਐਮ ਆਰ ਮਿਊਜ਼ਿਕ" ਨੇ ਤੇ ਇਸ ਦਾ ਫਿਲਮਾਂਕਣ ਕੀਤਾ ਪ੍ਰਸਿੱਧ ਕੈਮਰਾਮੈਨ/ ਕਨਸੈਪਟ ਜਸ ਢਿੱਲੋ ਨੇ,ਇਸ ਗੀਤ ਵਿੱਚ ਪਾਲੀਵੁੱਡ ਦੇ ਮੰਝੇ ਅਦਾਕਾਰਾਂ ਨੇ ਗੀਤ ਨੂੰ ਚਾਰ ਚੰਨ ਲਾਏ ਹਨ , ਜਿਨਾਂ ਵਿੱਚ ਹਨ ਚਰਚਿਤ ਅਦਾਕਾਰ ਪਰਤਾਪ ਸਿਮਰਨ,ਕੁਲਦੀਪ ਨਿਆਮੀ , ਵਿੱਕੀ ਮਰਜਾਨਾ, ਸਾਵਣ ਸ਼ੂਕਾ,ਡਿੰਪਲ ਕੌਰ,ਰੁਪਿੰਦਰ ਕੌਰ,ਗੁਰ-ਚਰਨ ਸਿੰਘ,ਜਸਵਿੰਦਰ ਜੱਸੀ ਤੇ ਹੋਰ ਬਹੁਤ ਸਾਰੇ ਨਾਮੀ ਅਦਾਕਾਰ ਨੇ ਆਪਣੀ ਨਵੇਕਲੀ ਅਦਾਕਾਰੀ ਦੇ ਰੰਗ ਬਿਖੇਰੇ ਹਨ । ਇਸ ਗੀਤ ਦੇ ਐਸੋਸੀਏਟ ਡਾਇਰੈਕਟਰ ਰਵੀ ਵਰਮਾ ਤੇ ਅਸਿਸਟੈਂਟ ਡਾਇਰੈਕਟਰ ਨਛੱਤਰ ਗੋਨੇਆਣਾ ਤੇ ਰਮਨ ਗਾਂਧੀ ਹਨ ਤੇ ਮੇਕਅਪ ਮੈਨ ਧਰਮਾ ਜੀ ਹਨ।

ਪ੍ਰਸਿੱਧ ਲੋਕ ਗਾਇਕ ਇੰਦਰ ਮਾਨ ਜੀ ਪੰਜਾਬੀ ਪ੍ਰਤੀ ਚਿੰਤਤ ਹਨ ਤੇ ਪੰਜਾਬੀ ਦੇ ਅਜਿਹੇ ਓਹ ਲੋਕ ਗਾਇਕ ਹਨ , ਜਿੰਨਾਂ ਆਪਣੇ ਲਹਿੰਦੇ ਪੰਜਾਬ ਯਾਨੀ ਕਿ ਸਰਹੱਦੋ ਪਾਰ ਗੁਆਂਢੀ ਦੇਸ਼ ਪਾਕਿਸਤਾਨ ਵਿਚ ਜਾ ਸੰਗੀਤ ਦੀ ਪੀ.ਐਚ.ਡੀ ਕੀਤੀ। ਅੱਜ ਓਨਾਂ ਦੀ ਦਮਦਾਰ ਬੁਲੰਦ ਆਵਾਜ ਵਿੱਚ ਗਾਏ




ਗੀਤ ਲਹਿੰਦੇ ਪੰਜਾਬ ਦੇ ਲੋਕਾਂ ਦੀ ਪਹਿਲੀ ਪਸੰਦ ਬਣੇ ਹੋਏ ਹਨ , ਲਹਿੰਦੇ ਪੰਜਾਬ ਦੇ ਲੋਕ ਮਾਣਮੱਤੇ ਲੋਕ ਗਾਇਕ ਇੰਦਰ ਮਾਨ ਜੀ ਦੇ ਗੀਤਾਂ ਨੂੰ ਮਣਾਂ ਮੂੰਹੀ ਪਿਆਰ ਬਖਸ ਰਹੇ ਹਨ । ਓਨਾਂ ਦੇ ਗੀਤ ਨੂੰ ਯੂ ਟਿਊਬ ਤੇ ਲੱਖਾਂ ਲੋਕਾਂ ਵੱਲੋ ਸੁਣੇ ਜਾਂਦੇ ਹਨ ਤੇ ਵਿਆਹ ਤੇ ਪਾਰਟੀਆਂ ਵਿੱਚ ਵੱਜਦੇ ਹਨ । ਲੋਕ ਗਾਇਕ ਇੰਦਰ ਮਾਨ ਦੇ ਖ਼ੂਬਸੂਰਤ ਗੀਤਾਂ ਨੇ ਸੰਗੀਤਕ ਖੇਤਰ ਵਿੱਚ ਆਪਣਾ ਵੱਖਰਾ ਮੁਕਾਮ ਬਣਾਇਆਂ ਹੈ । ਲੋਕ ਗਾਇਕ ਇੰਦਰ ਮਾਨ ਦੇ ਗੀਤਾਂ ਵਿਚੋ ਦੇ ਗੀਤ "ਸਿਮਲਾਂ" ਗੀਤ ਸੰਗੀਤ ਪ੍ਰੇਮੀਆਂ ਦੀ ਪਹਿਲੀ ਪਸੰਦ ਬਣਿਆ । ਇਸੇ ਤਰਾਂ "ਕਬੂਤਰ ਚੀਨੇ", ਹੋਰ ਕੀ ਕਰਾਂ , ਪਰਚੇ ਖਰਚੇ, ਗੌਡਜ਼ ਵਿਲ, ਸੌਕੀਨ ਗੱਭਰੂ , ਟਰਾਲੇ, ਟਾਈਮ, ਟੈਟ ਹੋ ਗਿਆ, ਕਾਲੀ ਥਾਰ , ਮਿਸ ਮਲਿਕਾ ,ਮੇਲਾ , ਹੁਸਨ, ਰੀਬਰਥ, ਅਟੈਸ਼ਨ , ਐਂਡਲੈਸ ਅਸਲਾ , ਡਰੌਪ ਹੋਮ , ਖੱਲ੍ਹ , ਸੁਕਰਾਨਾ , ਵੱਡੀ ਭਰਜਾਈ, ਅਲਵਿਦਾ ਤੇ ਲਵ ਯੂ ਯਾਰ ਆਦਿ ਹਨ।

ਲੋਕ ਗਾਇਕ ਇੰਦਰ ਮਾਨ ਨੇ ਇਸ ਗੀਤ ਲਈ ਪ੍ਰਸਿੱਧ ਅਦਾਕਾਰਾ ਪਵਨ ਜੌਹਲ,ਪ੍ਰਿਤਪਾਲ ਸਿੰਘ,ਲਵਪ੍ਰੀਤ ਗੈਰੀ ,ਕੁਲਵੰਤ ਸੰਧੂ ਜੀ ਦਾ ਵਿਸੇਸ ਤੌਰ ਤੇ ਧੰਨਵਾਦ ਕੀਤਾ । ਇਹ ਗੀਤ ਚਰਚਿਤ ਮਰਹੂਮ ਲੋਕ ਗਾਇਕ ਮੇਜਰ ਰਾਜਸਥਾਨੀ ਦੀ ਕੰਪਨੀ , ਜਿਨਾਂ ਦੇ ਗੀਤ ਅੱਜ ਵੀ ਲੋਕਾਂ ਦੇ ਦਿਲਾਂ ਤੇ ਰਾਜ ਕਰਦੇ ਹਨ ਓਨਾਂ ਦੀ ਕੰਪਨੀ ਵੱਲੋ ਵਰਲਡ ਵਾਈਡ ਤੇ 20 ਸਤੰਬਰ ਨੂੰ ਸਾਨਦਾਰ ਢੰਗ ਨਾਲ ਰੀਲੀਜ਼ ਕੀਤਾ ਜਾਵੇਗਾ।ਇਸਦੇ ਪ੍ਰੋਜੈਕਟ ਨੂੰ ਅਖੀਰ ਮੁਕਾਮ ਤੱਕ ਪਹੁੰਚਾਉਣ ਲਈ ਮਹਰੂਮ ਮੇਜਰ ਰਾਜਸਥਾਨੀ ਦੇ ਲਾਡਲੇ ਬੇਟੇ ਨਵਦੀਪ ਰਾਜਸਥਾਨੀ ਨੇ ਦਿਨ ਰਾਤ ਇੱਕ ਕਰ ਦਿੱਤਾ ਹੈ । ਓਨਾਂ ਦੀ ਤੇ ਪੂਰੀ ਟੀਮ ਦੀ ਮੇਹਨਤ ਸਦਕਾ ਗੀਤ ਰੀਲੀਜ਼ ਹੋਣ ਤੇ ਸੰਗੀਤਕ ਪ੍ਰੇਮੀਆਂ ਦੇ ਪਿਆਰ ਮੁਹੱਬਤ ਦੇ ਮੁੱਲ ਨਾਲ ਪੂਰੀ ਹੋਵੇਗੀ। ਮੇਰੀਆਂ ਦੁਆਵਾਂ ਸਾਰੀ ਟੀਮ ਦੇ ਉੱਜਵਲ ਭਵਿੱਖ ਲਈ।

**ਸ਼ਿਵਨਾਥ ਦਰਦੀ ਫ਼ਰੀਦਕੋਟ**
**ਫਿਲਮ ਜਰਨਲਿਸਟ**
**ਸੰਪਰਕ:- 9855155392**

## ਟੁੱਟੇ ਦਿਲ ਦੀ ਗਾਥਾ

ਕੋਈ ਸਾਡੇ ਇਸ਼ਕ ਦਾ ਨਿੱਘ ਮਾਣ ਕੇ ,
ਸੱਤ ਸਮੁੰਦਰੋਂ ਪਾਰ ਗਿਆ ।
ਦਿਲ ਜੀਹਦੇ ਉੱਤੇ ਸੀ ਮੇਹਰਬਾਨ ,
ਦਿਲ 'ਤੇ ਹੀ ਕਹਿਰ ਗੁਜ਼ਾਰ ਗਿਆ।
ਜੀਹਨੂੰ ਦਿਲ ਦਾ ਜਾਨੀ ਮਨ ਦਾ ਮਹਿਰਮ,
ਤੇ ਤਨ ਦਾ ਰਾਖਾ ਮੰਨਿਆਂ ਸੀ ;
ਓਹਦੇ ਨਾਲ਼ ਹੀ ਦੁਨੀਆਂ ਵੱਸਦੀ ਸੀ ,
ਉਸ ਬਿਨਾਂ ਉੱਜੜ ਸੰਸਾਰ ਗਿਆ ।



**ਮੂਲ ਚੰਦ ਸ਼ਰਮਾ**
ਪ੍ਰਧਾਨ, ਪੰਜਾਬੀ ਸਾਹਿਤ ਸਭਾ ਧੂਰੀ ਜਿਲ੍ਹਾ ਸੰਗਰੂਰ।
9914836037

## ਪੰਜਾਬ

ਪੰਜਾਬ ਤੁਹਾਡਾ, ਤੁਸੀਂ ਇਸ ਸੂਬੇ
ਦੀ ਸ਼ਾਨ ਓ ਪੰਜਾਬੀਓ
ਜੇ ਭੱਖ ਗਿਆ ਮੁੱਦਾ, ਖੜ੍ਹੇ ਰਿਹੋ
ਬਣਕੇ ਚਟਾਨ ਓ ਪੰਜਾਬੀਓ

ਜੇ ਅੜ ਗਏ ਆ ਹੁਣ ਤੇ,ਅੜੇ
ਹੀ ਰਿਹੋ
ਤੁਸੀਂ ਭੱਜਿਓ ਨਾ ਛੱਡਕੇ ਮੈਦਾਨ
ਮੈਦਾਨ ਓ ਪੰਜਾਬੀਓ

ਆਪਣਿਆਂ ਖਾਤਰ ਭਾਵੇਂ ਦੇਣੇ
ਪੈਣ ਸਿਰ,,
ਵਾਰ ਦਿਓ ਪੰਜਾਬ ਉਤੋਂ ,,,ਜਾਨ
ਓ ਪੰਜਾਬੀਓ

ਹੱਕ ਸੱਚ ਲਈ ਲੜੋ, ਨਾਲੇ ਲੜਨਾ
ਸਿਖਾਓ
ਦੱਸੋ ਹੋਈ ਦਾ ਆ ਕਿਵੇਂ ਕੁਰਬਾਨ ,,,,
ਓ ਪੰਜਾਬੀਓ

ਸੂਝ ਬੂਝ ਨਾਲ ਆਪਾਂ ਜਿੱਤਣੀ ਏ
ਜੰਗ
ਬਣਨਾਂ ਨਹੀਂ ਆਪਾਂ ਨਦਾਨ ,,,,,
ਓ ਪੰਜਾਬੀਓ

ਗੁਰਮੀਤ ਲੁੱਟਕੇ ਨਾ ਲੈ ਜਾਏ, ,,,
ਕੋਈ ਚੋਰ ਉਚੱਕਾ
ਸਾਂਭ ਰੱਖਣੀ ਐ ਸੋਨੇ ਦੀ ਇਹ,
ਖ਼ਾਨ ਇਹ ਪੰਜਾਬੀਓ



**ਗੁਰਮੀਤ ਡੁਮਾਣਾ**
**ਲੋਹੀਆਂ ਖਾਸ**
**ਜਲੰਧਰ**


## ਘਰਵਾਲੀ ਤੋਂ ਡਰਦਾ ਬੰਦਾ

ਬੇਸ਼ੱਕ ਤੜੀ ਜਮਾਵੇ,ਪਾਣੀ ਭਰਦਾ ਬੰਦਾ।
ਅਕਸਰ ਰਹਿੰਦਾ ਘਰਵਾਲੀ, ਤੋਂ ਡਰਦਾ ਬੰਦਾ।

ਮੁੱਖ ਮੰਤਰੀ,ਐਮ ਪੀ ਠਾਣੇਦਾਰ ਦੋਸਤੋ।
ਰੋਅਬ ਦਿਖਾਉਣ ਬਥੇਰਾ ਜਾਕੇ ਬਾਹਰ ਦੋਸਤੋ।
ਘਰ ਵਿੱਚ ਆਕੇ ਜਮਾਂ ਉਫ ਨਹੀਂ ਕਰਦਾ ਬੰਦਾ।
ਪਤਾ ਨਹੀਂ ਕਿਉਂ ਘਰਵਾਲੀ ਤੋਂ ਡਰਦਾ ਬੰਦਾ।

ਰਿਸ਼ਤਾ ਐਸਾ ਹੋਰ ਕਿਸੇ ਨਾਲ਼ ਜੁੜਦਾ ਨਹੀਂਓ।
ਪਤਨੀ ਜੀ ਦਾ ਕਦੇ ਵੀ ਕਹਿਣਾ ਮੁੜਦਾ ਨਹੀਂਓ ।
ਗੁੱਸਾ ਵੀ ਹੈ ਹੱਸ ਹੱਸ ਸੀਨੇ ਜਰਦਾ ਬੰਦਾ।
ਪਤਾ ਨਹੀਂ ਕਿਉਂ ਘਰਵਾਲੀ ਤੋਂ ਡਰਦਾ ਬੰਦਾ।

ਖ਼ਾਨ ਜਿਹਾ ਵਿਆਹ ਸ਼ਾਦੀ ਵਿੱਚ ਜਾਕੇ ਸ਼ਰਮਾਵੇ।
ਵਹੁਟੀ ਹੋਵੇ ਨਾਲ਼ ਸੋਚਕੇ ਕਦਮ ਟਿਕਾਵੇ।
ਕਾਮੀ ਵਾਲੇ ਕੀ ਕਰੇ ਬਈ ਮਰਦਾ ਬੰਦਾ।
ਘਰਵਾਲੀ ਤੋਂ ਕਾਹਤੋਂ ਐਨਾਂ ਡਰਦਾ ਬੰਦਾ।



**ਸੁਕਰ ਦੀਨ ਕਾਮੀਂ ਖੁਰਦ**

## ਕਾਵਿ-ਸੱਚ

ਧਰਮਾਂ ਕਰਮਾਂ ਪਾਪ ਪੁੰਨ ਵਾਲ਼ੇ ਰੌਲ਼ੇ ਅਕਸਰ ਪਾਏ ਜਾਂਦੇ ਨੇ,
ਦਿਲ ਅੰਦਰ ਘ੍ਰਿਣਾ ਦਿਖਾਵੇ ਲਈ ਪ੍ਰੇਮ ਗੀਤ ਗਾਏ ਜਾਂਦੇ ਨੇ।
ਧਰਮ ਬਚਾਉਣ ਦੇ ਲਈ ਚਾਹੀਦੇ ਨੇ ਪੱਥਰ ਅਤੇ ਹਥਿਆਰ,
ਪੇਟ ਪਾਲਣ ਦੇ ਲਈ ਚਾਹੀਦਾ ਹੈ ਕੰਮਕਾਰ ਅਤੇ ਰੁਜ਼ਗਾਰ।
ਕਰ ਰਹੇ ਹਾਂ ਦਿਨ ਕਟੀਆਂ ਆਸ ਤੇ ਉਮੀਦ ਪੂਰੀ ਨਹੀਂ ਹੁੰਦੀ,
ਮਿਲ ਜਾਂਦਾ ਹੀਰ ਨੂੰ ਜੇਕਰ ਰਾਂਝਾਂ ਤਾਂ ਅਧੂਰੀ ਹੀਰ ਨਾ ਹੁੰਦੀ।
ਜੁਗਨੂੰ ਉਦੋਂ ਹੀ ਚਮਕਦਾ ਹੈ ਜਦੋਂ ਉਡਦਾ ਉਹ ਉਡਾਰੀ ਮਾਰ,
ਸੁੱਕੇ ਸਰੋਵਰਾਂ ਤਾਈਂ ਛੱਡ ਕੇ ਹੰਸ ਤੁਰ ਜਾਂਦੇ ਨੇ ਉਡਾਰੀ ਮਾਰ।
ਸੌਖੇ-ਸੌਖੇ ਸਾਰੇ ਸੁਆਲ ਹੱਲ ਕੀਤੇ ਔਖਾ ਇੱਕ ਵੀ ਨਾ ਆਵੇ,
ਰਾਵਣ ਨੇ ਆਪਣੇ ਕਾਲ ਨੂੰ ਬੰਨ੍ਹਿਆ ਹੋਇਆ ਸੀ ਨਾਲ਼ ਪਾਵੇ।
ਪੱਟ ਤੋਂ ਪੱਟੀਆਂ ਨੂੰ ਉਤਾਰ ਕੇ ਕੀਤਾ ਸਾਰਾ ਹੀ ਹਾਲ ਬਿਆਨ,
ਸੋਹਣੀ ਨੇ ਮਹੀਂਵਾਲ ਤੋਂ ਸਾਰੀ ਗੱਲ ਸੁਣੀ ਸੀ ਨਾਲ਼ ਧਿਆਨ।
'ਦੇਵ' ਕਰ ਅਜਿਹੀ ਕੋਸ਼ਿਸ਼ ਤਪਿਆ ਮਾਰੂਥਲ ਹੋ ਜਾਵੇ ਠੰਢਾ,
ਹਰ ਵਾਰ ਕੀਤੀਆਂ ਕੋਸ਼ਿਸ਼ਾਂ ਨਾਲ਼ ਗੱਡ ਹੋ ਜਾਵੇ ਨਵਾਂ ਝੰਡਾ।



**ਲੈਕਚਰਾਰ ਦਵਿੰਦਰ ਪਾਲ ਬਾਤਿਸ਼**

## ਮੈਂ ਪੰਜਾਬ ਬੋਲਦਾਂ

ਮੈਂ ਇਤਿਹਾਸ ਰਚਿਆ
ਮੈਂ ਪੰਜਾਬ ਬੋਲਦਾਂ
ਮੇਰੇ ਅੰਦਰ ਜਜਬਾ ਹੈ
ਹਿੰਮਤ ਹੈ
ਖਾਲਸੇ ਦਾ ਥਾਪੜਾ ਹੈ
ਸਰੂਰ ਹੈ ਕੋਈ ਗ਼ਰੂਰ ਨਹੀਂ
ਜਦ ਵੀ ਰਚਿਆ
ਮੈਂ ਇਤਿਹਾਸ ਰਚਿਆ
ਮੇਰੇ ਰਗ ਰਗ ਚ
ਸ਼ਹੀਦਾਂ ਦੀ ਸ਼ਹਾਦਤ ਹੈ
ਕਵੀਆਂ ਦੀ ਕਾਵਿ ਕਿਆਰੀ
ਤੇ ਗੁਰੂਆਂ ਪੀਰਾਂ ਦੀ ਅਨਮੋਲ ਬਾਣੀ ਹੈ
ਜੱਟ ਹੈ ਤੇ ਜਮੀਨ ਹੈ
ਤਾਂ ਹੀ ਮਿੱਟੀ ਜ਼ਰਖੇਜ਼ ਹੈ
ਖੇਤਾਂ ਚ ਲਹਿਰਾਵਣ ਹਰਿਆਵਲ
ਵਲ ਵੱਲ ਖਾਂਦੀਆਂ ਨਦੀਆਂ
ਖੜ ਖੜ ਕਰਦਾ ਪਾਣੀ
ਦਸਦਾ ਆਪਣੀ ਫਿਰ ਬਰਸਾਤੀ ਕਹਾਣੀ
ਮੈਂ ਰਚਿਆ ਇਤਿਹਾਸ
ਹੱਕ ਤੇ ਸੱਚ ਲਈ ਲੜਨਾ
ਅੰਨ ਹੋਵੇ ਜਾਂ ਬੰਨ੍ਹ ਹੋਵੇ
ਮੈਂ ਪਿੱਛੇ ਨਹੀਂ ਹਟਦਾ
ਬਸ ਮੇਰੀ ਇਹੀ ਕਹਾਣੀ
ਸੱਚ ਪੁਛੋਂ
ਮੇਰੇ ਦਰਦ ਬੜੇ,ਇਨਾਂ ਨੂੰ ਕੋਈ ਵਹਿੰਦਾ ਨਹੀਂ
ਪਰ
ਮੈ ਫਿਰ ਵੀ ਹਿੰਮਤ ਕਰਦਾ
ਉਠਦਾ ਖੜਦਾ,ਬਹਿੰਦਾ ਢਹਿੰਦਾ
ਹੱਥ ਜੋੜ ਦੋਨੋ ਅਰਦਾਸ ਕਰਦਾ
ਆਓ ਸਾਰੇ ਰਲ ਮਿਲ ਦੁੱਖ ਸੁੱਖ ਮਨਾਈਏ
ਚਲ “ ਸਿਆਣ” ਰਲ ਮਿਲਕੇ
ਇੱਕ ਨਵਾਂ ਹੋਰ ਇਤਿਹਾਸ ਬਣਾਈਏ
ਕਿਉਂਕਿ ਪੰਜਾਬ ਨੇ ਇੱਕ ਇਤਿਹਾਸ ਰਚਿਆ



**ਭੁਪਿੰਦਰ ਸਿੰਘ ਸਿਆਣ**
**ਫਗਵਾੜਾ**



## ਸ਼੍ਰੋ ਗੁ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਕਰਵਾਉਣ ਲਈ "ਜਮਹੂਰੀਅਤ ਬਹਾਲ ਕਰੋ" ਮਾਰਚ ਚ ਕੀਤੀ ਸਮੂਲੀਅਤ :- ਸਿੰਗੜੀਵਾਲਾ



**ਹੁਸ਼ਿਆਰਪੁਰ (ਤਰਸੇਮ ਦੀਵਾਨਾ)-** ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਦੀ ਅਗਵਾਈ ਹੇਠ ਅੰਮ੍ਰਿਤਸਰ ਵਿਖੇ 15 ਸਤੰਬਰ ਨੂੰ ਭਾਈ ਗੁਰਦਾਸ ਹਾਲ ਤੋਂ ਸ੍ਰੀ ਅਕਾਲ ਤਖਤ ਸਾਹਿਬ ਤੱਕ ਸਿੱਖ ਕੌਮ ਦੀ ਪਾਰਲੀਮੈਂਟ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਤੁਰੰਤ ਚ ਚੋਣਾਂ ਕਰਵਾਉਣ ਲਈ ਅੰਤਰਰਾਸ਼ਟਰੀ ਪੱਧਰ ਤੇ ਮਨਾਏ ਜਾਂਦੇ ਜਮਹੂਰੀਅਤ ਦਿਵਸ ਤੇ "ਜਮਹੂਰੀਅਤ ਬਹਾਲ ਕਰੋ" ਮਾਰਚ ਕੱਢਿਆ ਗਿਆ ਇਸ ਵਿੱਚ ਸੰਗਤਾਂ ਨੇ ਵੱਡੀ ਪੱਧਰ ਤੇ ਸ਼ਮੂਲੀਅਤ ਕੀਤੀ ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਗੁਰਨਾਮ ਸਿੰਘ ਸਿੰਗੜੀਵਾਲਾ ਜ਼ਿਲਾ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਪ੍ਰੈਸ ਨੋਟ ਰਾਹੀਂ ਕੀਤਾ ਇਸ ਸਮੇਂ ਸਿੰਗੜੀਵਾਲਾ ਨੇ ਕਿਹਾ ਕਿ ਪਿਛਲੇ ਸਮੇਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ 2011 ਵਿੱਚ ਹੋਈਆਂ ਸਨ ਅਤੇ 2015 ਵਿੱਚ ਚੁਣੇ ਹੋਏ ਮੈਂਬਰਾਂ ਦੀ ਮਿਆਦ ਖਤਮ ਹੋ ਗਈ ਸੀ ਉਸ ਤੋਂ ਬਾਅਦ ਹੁਣ ਤੱਕ ਬਾਦਲ ਅਕਾਲੀ ਦਲ ਕੇਂਦਰ ਦੀਆਂ ਹਿੰਦੂਤਵੀ ਸ਼ਕਤੀਆਂ ਨਾਲ ਮਿਲ ਕੇ ਸਿੱਖ ਦੀਆਂ ਭਾਵਨਾਵਾਂ ਨੂੰ ਕੁਚਲ ਕੇ ਜਬਰੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਉੱਤੇ ਕਾਬਜ ਹਨ। ਜਿਸ ਨੂੰ ਸਿੱਖ ਕੌਮ ਕਦੇ ਵੀ ਬਰਦਾਸ਼ਤ ਨਹੀਂ ਕਰੇਗੀ ਅਤੇ ਇਸ ਦਾ ਸਖਤੀ ਨਾਲ ਵਿਰੋਧ ਕਰੇਗੀ ਇਸ ਸਮੇਂ ਜਤਿੰਦਰ ਸਿੰਘ ਥਿੰਦ ਸੀਨੀਅਰ ਮੀਤ ਪ੍ਰਧਾਨ ਯੂਥ ਵਿੰਗ ਪੰਜਾਬ, ਜਗਜੀਤ ਸਿੰਘ ਸ਼ੂਸ਼ਕ ਤਾਲਮੇਲ ਸਕੱਤਰ ਯੂਥ ਵਿੰਗ ਪੰਜਾਬ, ਸੰਦੀਪ ਸਿੰਘ ਖਾਲਸਾ ਟਾਂਡਾ, ਮਨਜਿੰਦਰ ਸਿੰਘ ਜੌਹਲ, ਬੀਬੀ ਰਾਜਵਿੰਦਰ ਕੌਰ ਬੁੱਲੋਵਾਲ, ਹਰਮੀਤ ਸਿੰਘ ਸੋਢੀ ਮੀਤ ਪ੍ਰਧਾਨ ਯੂਥ ਵਿੰਗ ਪੰਜਾਬ, ਜਸਵੀਰ ਸਿੰਘ, ਗੁਰਮੀਤ ਕੌਰ ਆਦਿ ਹਾਜ਼ਰ ਸਨ।

**ਫੋਟੋ ਅਜਮੇਰ ਦੀਵਾਨਾ**

# ਤੇ ਬੰਨ੍ਹ ਟੁੱਟ ਗਿਆ

ਦਰਿਆ ਕਿਨਾਰੇ ਪੁਰਖਿਆਂ ਦੀ ਜ਼ਮੀਨ ਦੇ ਨਾਲ ਉਹਨਾਂ ਨੂੰ ਹੜ੍ਹ ਵੀ ਵਿਰਾਸਤ 'ਚ ਹੀ ਮਿਲੇ ਸਨ ।ਕਦੇ-ਕਦੇ ਗਮਗੀਨ ਬੈਠਾ ਲੋਕ ਆਪਣੇ-ਆਪ ਦੀ ਤੁਲਨਾ ਕੁਕਨੂਸ ਨਾਲ ਕਰਦੇ। ਫੇਰ ਆਪ ਹੀ ਆਖਦੇ ਨਹੀਂ ? ਸਾਡੇ ਤੇ ਕੁਕਨੂਸ 'ਚ ਇੱਕ ਫਰਕ ਹੈ।ਪਰ ਹੋਣੀ ਦੋਹਾਂ ਦੀ ਇੱਕੋ ਜਿਹੀ ਹੈ। ਬਸੰਤ ਰੁੱਤੇ ਭਸ਼ਮ ਹੋਇਆ ਕੁਕਨੂਸ ਵਰਖਾ ਰੁੱਤੇ ਆਪਣੀ ਰਾਖ ਚੋਂ ਫੇਰ ਜਨਮਦਾ ਹੈ। ਪਰ ਅਸੀਂ ??

ਐਨ ਉਲਟ।ਬਸੰਤ ਰੁੱਤੇ ਵੱਧਦੀਆਂ'- ਫੁਲਦੀਆਂ ਫਸਲਾ ,ਬਨਸਪਤੀ ,ਫੁੱਲ-ਬੂਟੇ ਦੇਖ ਲੋਕਾਂ ਦਾ ਦਿਲ ਧੀਰਜ ਫੜਦਾ ਹੈ ਤੇ ਫੁੱਲੇ ਨਾ ਸਮਾਉਂਦੇ।ਪਰ ਜਿਉਂ ਹੀ ਵਰਖਾ ਰੁੱਤ ਜਦੋਂ ਹੜ੍ਹਾਂ 'ਚ ਤਬਦੀਲ ਹੁੰਦੀ ਹੈ, ਦਰਿਆਵਾਂ ਦੇ ਟੁੱਟਦੇ ਬੰਨ੍ਹ ਸਭ ਮਲੀਆਮੇਟ ਕਰ ਜਾਂਦੇ ਹਨ ।ਹਾੜੀ ਦੀ ਫਸਲ ਨੇ ਪੈਰਾਂ ਸਿਰ ਕੀਤੇ ਕਿਸਾਨ ,ਸਾਉਣੀ ਦੀ ਫਸਲ ਹੱਥ ਖਾਲੀ ਠੂਠਾ ਫੜਾ ਜਾਂਦੀ ਹੈ। ਇਹ ਇੱਕ ਵਾਰ ਹੋਵੇ ਤਾਂ ਜਰ ਲਈ ਏ। ਇਹ ਹਰ ਵਾਰ ਦਾ ਕਹਿਰ ਸਾਡੇ ਮੱਥੇ ਵਿਧ ਮਾਤਾ ਦੇ ਉਕਰੇ ਅੱਖਰਾਂ ਵਾਂਗ ਕਦੇ ਨਹੀਂ ਮਿਟਣਾ।ਪਰ ਢੇਰੀ ਢਾਇਆ ਵੀ ਕਿੱਥੇ ਸਰਦਾ ਹੈ। ਫੇਰ ਉਹੀ ਹਲ਼-ਪੰਜਾਲੀ।ਖੂਨ ਪਸੀਨੇ ਨਾਲ ਸਿੰਜੀ ਜ਼ਮੀਨ ਹਾਕਾਂ ਮਾਰਦੀ । ਸਭ ਕੁੱਝ ਭੁਲ ਭੁਲਾ ਕੇ ਅਗਲੀ ਫਸਲੀ ਦੀ ਤਿਆਰੀ ਚ ਜੁਟ ਜਾਂਦੇ ਆ । ਟੀ ਵੀ ,ਅਖਬਾਰਾਂ ਵਾਲੇ ਤੇ ਕੁੱਝ ਸੂਝਵਾਨ ਲੋਕੀ ਕਈ ਦਿਨਾਂ ਦੇ ਆਖ ਰਹੇ ਸਨ ਕਿ ਐਸ ਵਾਰ ਮੀਂਹ ਵੱਧ ਪੀਣ ਗੇ।ਮੀਂਹ ਦਾ ਨਾਂ ਸੁਣ ਕੇ ਸਾਹ ਸੂਤੇ ਜਾਂਦੇ।ਬੰਨਿਆਂ ਦੇ ਨੇੜਲੀਆਂ ਜ਼ਮੀਨਾਂ ਵਾਲਿਆਂ ਤੇ ਪਿੰਡਾਂ ਨੇ ਰਲ ਕੇ ਬੰਨ੍ਹ ਮਜ਼ਬੂਤ ਕਰਨ ਦਾ ਫੈਸਲਾ ਕੀਤਾ। ਕੀ ਕਰੀਏ ? ਇੱਥੇ ਸਭ ਨੂੰ ਆਪਣਾ ਸਿਰ ਆਪ ਹੀ ਗੁੰਦਣਾ ਪੈਂਦਾ ਐ ।ਲੋਕ ਆਪਣੇ ਸਭ ਕੰਮ-ਧੰਦੇ ਛੱਡ ਕੇ ਬੰਨ੍ਹਾਂ ਦੀਆਂ ਕੰਮਜੋਰ ਥਾਵਾਂ ਹੋਰ ਮਜ਼ਬੂਤ ਕਰਨ 'ਚ ਜੁਟ ਗਏ। ਕਈ ਦਿਨਾਂ ਤੋਂ ਲਗਾਤਾਰ ਵਰਦਾ ਮੀਂਹ ਦਿਲ ਨੂੰ ਧੁੜਕੂ ਲਾ ਰਿਹਾ ਸੀ।ਕਹਿੰਦੇ ਪਿੱਛੋਂ ਪਹਾੜਾਂ ਤੋਂ ਆ ਰਿਹਾ ਪਾਣੀ ਤਬਾਹੀ ਮਚਾ ਸਕਦਾ ਹੈ। ਨੱਕੋ-ਨੱਕ ਭਰੇ ਹੋਏ ਡੈਮਾਂ ਤੋਂ ਜਦੋਂ ਪਾਣੀ ਨਾ ਸੰਭਾਲਿਆ ਗਿਆ ਤਾਂ ਪਾਸੇ ਗੇਟ ਖੁਲਣ ਲੱਗੇ।ਕੁੱਝ ਖੁੱਲ੍ਹ ਗਏ ਤੇ ਕੁੱਝ ਟੁੱਟ ਗਏ।ਦਰਿਆਵਾਂ ਦਾ ਪਾਣੀ ਖੌਰੂ ਮਚਾਉਣ ਲੱਗਾ।ਦਿਲਾਂ ਦੀ ਧੜਕਨ ਤੇਜ ਹੋਣ ਲੱਗੀ।ਪਰ ,ਮੂੰਹ ਜ਼ੋਰ ਪਾਣੀ ਅੱਗੇ ਇੱਕ ਨਾ ਚ ੱ ਲ ੀ । ਬ ਹ ੁ ਤ ਚੀਕੇ,ਰੋਏ।ਸਰਕਾਰਾਂ ਨੂੰ ਕੋਸਿਆ।ਰੱਬ ਨੂੰ ਉਲਾਭੇ ਦਿੱਤੇ।ਪਰ ਸਾਡੀ ਕਿਸੇ ਨਾ ਸੁਣੀ। ਘਰਾਂ ਦੇ ਪਸ਼ੂ-ਡੰਗਰ,ਦਾਣਾ-ਫੱਕਾ, ਤੇ ਫਸਲਾਂ ਰੁੜ ਦੀਆਂ ਦੇਖ ਲੋਕਾਂ ਦੇ ਸਬਰ ਦਾ ਬੰਨ੍ਹ ਟੁੱਟ ਗਿਆ। ਲੋਕਾਂ ਦੇ ਚੀਕਣ ਦੀਆਂ ਅਵਾਜ਼ਾਂ ਘਰਾਂ ਦੀਆਂ ਦੀ ਕੰਧਾਂ ਨਾਲ ਟਕਰਾ ਕੇ ਲੋਕਾਂ ਦੇ ਕੰਨਾਂ 'ਚ ਗੂੰਜਣ ਲੱਗੀਆਂ ।ਲੋਕ ,ਜਿੰਨ੍ਹਾਂ ਦੀ ਬਾਂਹ ਫੜਨ ਵਾਲਾ ਕੋਈ ਨਹੀਂ ਸੀ ।ਉਪਰ ਵਾਲੇ ਨੂੰ ਉਲਾਭੇ ਦੇ ਰੂਪ 'ਚ ਤਾਹਨੇ-ਮਿਹਣੇ ਮਾਰ ਰਹੇ ਸਨ।ਜਿਵੇਂ ਉਹਨਾਂ ਨਿਰ- ਆਸਰਿਆਂ ਦੀ ਸੁਣਨ ਵਾਲਾ ਇਸ ਦੁਨੀਆ ਤੇ ਕੋਈ ਨਾ ਹੋਵੇ। ਟੁੱਟੇ ਬੰਨ੍ਹ ਵੱਲ ਵਾਰ-ਵਾਰ ਦੇਖਦੇ,ਰੁੜਦੀਆਂ ਫਸਲਾਂ ਤੇ ਹੰਝੂ ਵਹਾਉਂਦੇ,ਢਹਿੰਦੇ ਘਰਾਂ ਦੀ ਹੋਣੀ ਤੇ ਝੁਰਦੇ , ਅੰਨਦਾਤੇ ਘਰਾਂ ਨੂੰ ਇੰਝ ਪਰਤ ਰਹੇ ਸਨ ਜਿਵੇਂ ਕਿਸੇ ਨੇ ਉਹਨਾਂ ਦੇ ਪੈਰੀਂ ਭਾਰੇ ਪੱਥਰ ਬੰਨ੍ਹ ਦਿੱਤੇ ਹੋਣ।ਅਚਾਨਕ ਪਿੱਛੋਂ ਅਵਾਜ ਆਈ।

ਠਹਿਰੋ??

ਆਪਣੀ ਤਬਾਹੀ ਦਾ ਕਾਰਨ ਨਹੀਂ ਜਾਨਣਾ ਚਾਹੁੰਦੇ?? ਡਰਪੋਕੋ!! ਜਦੋਂ ਸਾਡੀ ਮਿੱਟੀ ਤੱਕ ਫਰੋਲੀ ਜਾ ਰਹੀ ਸੀ।ਲਾਲਚੀ ਲੋਕ ਆਪਣੇ ਲਾਲਚ ਲਈ ਸਾਡੀ ਮਿੱਟੀ ਸੋਨੇ ਦੇ ਭਾਅ ਵੇਚ ਰਹੇ ਸਨ।ਰੇਤਾ ਕੱਢ-ਕੱਢ ਸਾਨੂੰ ਖੋਖਲੇ ਕੀਤਾ ਜਾ ਰਿਹਾ ਸੀ ।ਭਾਰੀ ਮਸ਼ੀਨਾਂ , ਟਿੱਪਰ, ਟਰੈਕਟਰ, ਟਰਾਲੀਆਂ ਸਾਡੀ ਹਿੱਕ ਤੇ ਮੇਲਦੀਆਂ ਸਨ , ਤੁਸੀਂ ਉਦੋਂ ਚੁੱਪ ਰਹੇ।ਪਰ ਆਸੀਂ ਹੀ ਜਿਣਦੇ ਆ ,ਉਦੋਂ ਸਾਡੇ ਦਿਲ ਕੀ ਬੀਤ ਰਿਹਾ ਸੀ।ਜਦੋਂ ਸਾਡੇ ਵਹਿਣ ਬਦਲੇ। ਨਜਾਇਜ ਕਬਜੇ ਹੋਏ ਅਸੀਂ ਫੇਰ ਵੀ ਔਖੇ-ਸੌਖੇ ਚਲਦੇ ਰਹੇ।ਸਾਡੇ ਕੰਢੇ ਮਜ਼ਬੂਤ ਕਰਨ ਦੇ ਨਾਂ ਤੇ ਮਾਇਆ ਗੋਲ ਕੀਤੀ।ਜਿਸ ਦੇ ਮਨ 'ਚ ਜੋ ਆਇਆ ਕੀਤਾ।ਅਸੀਂ ਸਭ ਦੇਖਦੇ ਰਹੇ।ਹੰਝੂ ਵਹਾਉਂਦੇ ਰਹੇ।ਪਰ ਅਖੀਰ ਸਾਡਾ ਵੀ ਅੱਜ ਸਬਰ ਦਾ ਬੰਨ੍ਹ ਟੁੱਟ ਗਿਆ। ਦੱਸੋ ਅਸੀਂ ਬੇਕਾਬੂ ਨਾ ਹੋਈਏ ਤਾਂ ਹੋਰ ਕੀ ਕਰੀ?? ਅਸੀਂ ਕੰਢਿਆਂ ਤੋਂ ਉੱਛਲ ਕੇ ਤੁਹਾਡੇ ਖੇਤਾਂ ਤੇ ਘਰਾਂ ਵੱਲ ਰੁੱਖ ਕੀਤਾ।ਆਖਰ ਅਸੀਂ ਵੀ ਤਾਂ ਚੋਰੀ ਦਾ ਹਿਸਾਬ ਲੈਣਾ ਹੈ। ਹੱਕੇ-ਬੱਕੇ ਹੋਏ ਲੋਕ ਦੂਰ ਕਿਤੋਂ ਆ ਰਹੀ ਇਸ ਗੈਬੀ ਅਵਾਜ਼ ਨੂੰ ਸੁਣ ਕੇ ਆਪਣੀ ਹੋਣੀ ਤੇ ਪਛਤਾ ਰਹੇ ਸਨ।



**ਫਲੇਲ ਸਿੰਘ ਸਿੱਧੂ**

## ਪਰਵਾਸੀਆਂ ਦੇ ਕਾਰਨ ਇਕੱਲਾ ਹੁਸ਼ਿਆਰਪੁਰ ਹੀ ਨਹੀਂ ਹੌਲੀ-ਹੌਲੀ ਪੂਰਾ ਪੰਜਾਬ ਹੀ ਬਾਰੂਦ ਦੇ ਢੇਰ 'ਤੇ ਬੈਠਾ ਦਿਖਾਈ ਦੇਵੇਗਾ : ਸੰਤ ਸਤਰੰਜਨ ਸਿੰਘ

**ਹੁਸ਼ਿਆਰਪੁਰ ( ਤਰਸੇਮ ਦੀਵਾਨਾ )** ਸਾਡੇ ਕਈ ਪੰਜਾਬੀ ਵੀ ਕਸੂਰਵਾਰ ਹਨ ਜੋ ਕਿ ਆਪਣੇ ਮੁਨਾਫ਼ੇ ਲਈ ਇਹ ਵੀ ਨਹੀਂ ਦੇਖਦੇ ਕਿ ਜਿਸ ਵਿਅਕਤੀ ਨੂੰ ਉਹ ਘਰ ਜਾਂ ਦੁਕਾਨ ਦੇ ਰਹੇ ਹਨ, ਉਹ ਕੌਣ ਹੈ ਅਤੇ ਕਿੱਥੋਂ ਦਾ ਹੈ। ਜਿਸ ਕਾਰਨ ਅੱਜ ਇਕੱਲਾ ਹੁਸ਼ਿਆਰਪੁਰ ਹੀ ਨਹੀਂ ਹੌਲੀ-ਹੌਲੀ ਪੂਰਾ ਪੰਜਾਬ ਬਾਰੂਦ ਦੇ ਢੇਰ 'ਤੇ ਬੈਠਾ ਦਿਖਾਈ ਦੇਵੇਗਾ ਇਹ ਵਿਚਾਰ ਨਜ਼ਦੀਕੀ ਪਿੰਡ ਧੁੱਗਾ ਕਲਾਂ ਦੇ ਗੁਰਦੁਆਰਾ ਦੁੱਖ ਨਿਵਾਰਨ ਸਾਹਿਬ ਦੇ ਮੁੱਖ ਸੇਵਾਦਾਰ ਸੰਤ ਸਤਰੰਜਨ ਸਿੰਘ ਜੀ ਧੁੱਗਿਆਂ ਵਾਲਿਆਂ ਨੇ ਸਾਡੇ ਪੱਤਰਕਾਰ ਨਾਲ ਸਾਂਝੇ ਕੀਤੇ । ਉਹਨਾਂ ਕਿਹਾ ਸਾਨੂੰ ਸਾਰਿਆਂ ਨੂੰ ਇੱਕਜੁੱਟ ਹੋ ਕੇ ਹੁਸ਼ਿਆਰਪੁਰ ਵਿੱਚੋ ਪ੍ਰਵਾਸੀਆ ਨੂੰ ਕੱਢਣ ਲਈ



ਹੰਭਲਾ ਮਾਰਨਾ ਚਾਹੀਦਾ ਹੈ ਤਾ ਕਿ ਬੇਕਸੂਰ ਮਾਸੂਮ 5 ਸਾਲਾ ਹਰਵੀਰ ਸਿੰਘ ਵਰਗਾ ਮਾਮਲਾ ਦੁਬਾਰਾ ਨਾ ਵਾਪਰੇ ਅਤੇ ਨਾ ਹੀ ਪੰਜਾਬੀਆਂ ਦੀ ਸਮਾਜਿਕ ਸੁਰੱਖਿਆ ਨੂੰ ਕੋਈ ਖ਼ਤਰਾ ਹੋਵੇ। ਉਹਨਾਂ ਕਿਹਾ ਕਿ ਕੁਝ ਸਮਾਂ ਪਹਿਲਾਂ, ਹੁਸ਼ਿਆਰਪੁਰ ਦੇ ਕਾਰੋਬਾਰੀਆਂ ਅਤੇ ਹੋਰ ਸੰਗਠਨਾਂ ਦੇ ਇੱਕ ਸਮੂਹ ਨੇ ਬਾਜ਼ਾਰਾਂ ਵਿੱਚ ਮਹਿੰਗੇ ਭਾਅ 'ਤੇ ਦੁਕਾਨਾਂ ਖਰੀਦਣ ਅਤੇ ਕਿਰਾਏ 'ਤੇ ਦੇਣ ਵਾਲੇ ਪਰਵਾਸੀਆਂ ਦੀ ਜਾਂਚ ਦੀ ਮੰਗ ਕੀਤੀ ਸੀ, ਤਾਂ ਜੋ ਪਤਾ ਲਗਾਇਆ ਜਾ ਸਕੇ ਕਿ ਉਨ੍ਹਾਂ ਕੋਲ ਇੰਨਾ ਪੈਸਾ ਕਿੱਥੋਂ ਆਇਆ ਅਤੇ ਕਿੱਥੋਂ ਆ ਰਿਹਾ ਹੈ।ਉਹਨਾਂ ਹੁਸ਼ਿਆਰਪੁਰ ਦੇ ਸਮੂਹ ਵਕੀਲਾਂ ਅਤੇ ਬਾਰ ਐਸੋਸੀਏਸ਼ਨ ਦਾ ਵੀ ਧੰਨਵਾਦ ਕੀਤਾ, ਜਿਨ੍ਹਾਂ ਨੇ ਹਰਵੀਰ ਦੇ ਕਾਤਲ ਦਰਿੰਦਿਆਂ ਦਾ ਕੇਸ ਲੜਨ ਤੋਂ ਇਨਕਾਰ ਕੀਤਾ ਹੈ। ਉਨ੍ਹਾਂ ਕਿਹਾ ਕਿ ਇਸ ਤੋਂ ਪਹਿਲਾਂ ਕਿ ਕੋਈ ਹੋਰ ਅਜਿਹਾ ਦਿਲ ਦਹਿਲਾ ਦੇਣ ਵਾਲਾ ਮਾਮਲਾ ਦੁਬਾਰਾ ਵਾਪਰੇ ਇਸ ਲਈ ਸਾਰੇ ਪੰਜਾਬੀਆਂ ਨੂੰ ਪੰਜਾਬ ਅਤੇ ਪੰਜਾਬੀਅਤ ਲਈ ਇੱਕ ਪਲੇਟਫਾਰਮ 'ਤੇ ਇਕੱਠੇ ਹੋਣਾ ਚਾਹੀਦਾ ਹੈ।

# ਬੁੱਧ ਚਿੰਤਨ: ਏਕਤਾ ਵਿੱਚ ਬਲ ਹੈ !

ਸਿੱਖਿਆ ਪ੍ਰਾਪਤ ਕਰਦਿਆਂ ਆਪਾਂ ਏਕਤਾ ਵਿੱਚ ਬਲ ਹੈ। ਕਿਸਾਨ ਦੀ ਕਹਾਣੀ ਪੜ੍ਹੀ ਸੀ। ਜਿਸ ਵਿੱਚ ਕਿਸਾਨ ਨੇ ਆਪਣੇ ਪੁੱਤਰਾਂ ਨੂੰ ਏਕਤਾ ਵਿੱਚ ਬਲ ਦੀ ਕਥਾ ਸੁਣਾਈ ਸੀ। ਅਸੀਂ ਉਹ ਕਹਾਣੀ ਪੜ੍ਹੀ ਹੈ ਤੇ ਭੁਲਾ ਦਿੱਤੀ ਹੈ। ਹੁਣ ਅਸੀਂ ਆਪਣੇ ਆਲ਼ੇ ਦੁਆਲ਼ੇ ਦੇਖਦੇ ਹਾਂ। ਪੰਜਾਬ ਵਿੱਚ ਆਗੂਆਂ ਦਾ ਹੜ੍ਹ ਆਇਆ ਹੋਇਆ ਹੈ ਪਰ ਪੰਜਾਬ ਨਾਇਕ ਵਿਹੂਣਾ ਹੋ ਗਿਆ ਹੈ। ਸਾਡੇ ਸਮਾਜ ਦੇ ਕਿਸੇ ਵੀ ਖੇਤਰ ਵਿੱਚ ਕੋਈ ਅਜਿਹਾ ਨਾਇਕ ਨਜ਼ਰ ਨਹੀਂ ਆਉਂਦਾ ਜਿਹੜਾ, ਇਸ ਭਵਸਾਗਰ ਵਿਚੋਂ ਪੰਜਾਬ ਨੂੰ ਬਾਹਰ ਕੱਢਣ ਵਿੱਚ ਮੋਹਰੀ ਰੋਲ ਨਿਭਾਉਣ ਵਾਲਾ ਹੋਵੇ। ਮਨੁੱਖ ਜਿਉਂ ਜਿਉਂ ਸਿਆਣਾ ਹੁੰਦਾ ਹੈ ਗਿਆ ਤਾਂ ਉਸਦੇ ਅੰਦਰ ਵੱਖਰੇ ਤੌਰ ਰਹਿਣ ਦੀ ਲਲਕ ਪੈਦਾ ਹੋ ਗਈ। ਜਦੋਂ ਬੰਦਾ ਜੰਗਲੀ ਤੋਂ ਪੇਂਡੂ ਤੋਂ ਸ਼ਹਿਰੀ ਬਣਿਆ ਤਾਂ ਬੜੀ ਤਣਾ-ਤਣੀ ਹੋਈ ਸੀ। ਸਿਆਣੇ ਆਖਦੇ ਹਨ ਕਿ ਪੰਜੇ ਉਗਲਾਂ ਬਰਾਬਰ ਨਹੀਂ ਹੁੰਦੀਆਂ, ਜਦੋਂ ਘਸੁੰਨ ਜਾਂ ਮੁੱਕਾ ਤੇ ਮੁੱਠੀ ਬਣਦਾ ਹੈ ਤੇ ਦੂਸਰੇ ਦੀ ਢੂਹੀ 'ਤੇ ਵਰਦਾ ਹੈ, ਫੇਰ ਨੀ ਆਖਦੇ ਕਿ ਉਂਗਲਾਂ ਬਰਾਬਰ ਨਹੀਂ, ਉਦੋਂ ਸਭ ਚੁੱਪ ਹੋ ਜਾਂਦੇ ਹਨ, ਹੁਣ ਵੀ ਸਿਵਿਆਂ ਵਰਗੀ ਚੁੱਪ ਹੈ, ਬਿਗੜੀ ਲਗੌੜ ਹੜਦੁੰਗ ਮਚਾ ਰਹੀ ਹੈ, ਅਸੀਂ ਤਮਾਸ਼ਬੀਨ ਹਾਂ.

ਜਿਵੇਂ ਪਰਬਤ ਦੀ ਚੋਟੀ ਤੋਂ ਜਦੋਂ ਬਰਫ਼ ਦੀ ਬੂੰਦ ਬਣਦੀ ਹੈ ਤਾਂ ਉਹ ਹੀ ਬੂੰਦ ਧਰਤੀ ਤੱਕ ਪੁੱਜਦੀ ਬਹੁਤ ਕੁੱਝ ਆਪਣੇ ਨਾਲ ਤੁਰਦੀ ਹੈ। ਜਿਸ ਦੇ ਵਿੱਚ ਮਿੱਟੀ,ਪੱਥਰ, ਰੁੱਖ ਮਨੁੱਖ, ਪਸ਼ੂ-ਪੰਛੀ ਤੇ ਹੋ ਘੋਗੇ ਛਿੱਪੀਆਂ ਤੇ ਹੋਰ ਬਹੁਤ ਕੁੱਝ ਹੁੰਦਾ ਹੈ। ਦਰਿਆ ਤੱਕ ਪੁਜਦੀ ਬੂੰਦ ਕੱਸੀਆਂ, ਨਾਲੇ, ਨਦੀ ਤੇ ਦਰਿਆ ਬਣ ਵਗ ਤੁਰਦੀ ਹੈ, ਸਮੁੰਦਰ ਤੱਕ ਪੁੱਜਦੀਆਂ ਆਪਣਾ ਰੰਗ, ਰੂਪ ਤੇ ਸੁਭਾਅ ਹੀ ਨਹੀਂ ਬਦਲਦੀ ਸਗੋਂ ਨਾਮ ਵੀ ਬਦਲਦੀ ਹੈ। ਬਰਫ਼ ਤੋਂ ਬੂੰਦ, ਬੂੰਦ ਤੋਂ ਕੂਲ, ਕੂਲ ਤੋਂ ਕੱਸੀ..ਕੱਸੀ ਤੋਂ ਨਾਲੇ, ਨਾਲੇ ਤੋਂ ਨਹਿਰ, ਨਹਿਰ ਤੋਂ ਨਦੀ,ਨਦੀ ਤੋਂ ਦਰਿਆ ਤੇ ਦਰਿਆ ਸਮੁੰਦਰ ਸਮੁੰਦਰ ਤੋਂ ਭਾਫ, ਭਾਫ ਤੋਂ ਬੱਦਲ.ਤੇ ਬੱਦਲਾਂ ਤੋਂ ਮੀਂਹ, ਬਰਫ ਤੇ ਬੂੰਦ ਬਣ ਜਾਂਦੀ ਹੈ। ਸਤੀਸ਼ ਗੁਲਾਟੀ ਦਾ ਇੱਕ ਸ਼ਿਅਰ ਚੇਤੇ ਆਉਦਾ ਹੈ-

" ਉਹ ਪਾਰਦਰਸ਼ੀ ਨੀਲੀ.ਸੰਦਲੀ ਜਾਂ ਸੁਨਹਿਰੀ ਹੈ, ਨਦੀ ਦੀ ਤੋਰ ਦੱਸ ਦੇਦੀ ਹੈ ਕਿ ਉਹ ਕਿੰਨੀ ਕੁ ਗਹਿਰੀ ਹੈ।"

ਹੁਣ ਗੱਲ ਤੇ ਭੁੱਖ ਦੀ ਹੈ, ਦੁੱਖ ਦੀ ਗੱਲ ਨਹੀਂ। ਦੁੱਖੀ ਬੰਦਾ ਭੁੱਖ ਦੀ ਗੱਲ ਨਹੀਂ ਕਰਦਾ। ਰੱਜਿਆ ਤੇ ਆਫਰਿਆ ਬੰਦਾ ਭੁੱਖ ਦਾ ਜਾਪ ਤੇ ਕੀਰਤਨ ਵੀ ਕਰਦਾ ਹੈ ਪਰ ਉਸਦੀ ਕਦੇ ਵੀ ਭੁੱਖ ਨਹੀਂ ਮਿੱਟਦੀ, ਉਹ ਜਰੂਰ ਮਿੱਟੀ ਹੋ ਜਾਂਦਾ ਹੈ। ਹੁਣ ਦੇਸ਼ ਵਿੱਚ ਭੁੱਖ ਦਾ ਜਸ਼ਨ ਮਨਾਇਆ ਜਾ ਰਿਹਾ, ਲਾਸ਼ਾਂ ਦੀ ਆਹੂਤੀ ਪਾ ਕੇ ਮਨੁੱਖਤਾ ਦਾ ਕੀਰਤਨ ਸੋਹਿਲਾ ਪੜ੍ਹਿਆ ਜਾ ਰਿਹਾ ਹੈ। ਰੂਹ ਦੇ ਭੁੱਖੇ ਰੂਹਾਂ ਦੇ ਰੱਜਿਆਂ ਦਾ ਵਪਾਰ ਕਰਦੇ ਹਨ। ਵਪਾਰੀ ਕਦੇ ਕਿਸੇ ਦਾ ਮਿੱਤ ਨਹੀਂ ਹੁੰਦਾ। ਉਸਦੀਆਂ ਅੱਖਾਂ ਮੁਨਾਫ਼ੇ 'ਤੇ ਹੁੰਦੀਆਂ ਹਨ। ਉਸ ਦੇ ਊਚ ਨੀਚ, ਜਾਤ ਪਾਤ, ਧਰਮ ਤੇ ਗੋਤ,ਖਿੱਤਾ ਤੇ ਇਲਾਕਾ ਕੋਈ ਅਰਥ ਨਹੀਂ ਰੱਖਦਾ। ਉਹ ਤੇ ਵਪਾਰ ਨੂੰ ਰੂੜੀਆਂ ਦੇ ਵਾਂਗੂੰ ਸਦਾ ਵਧਾਉਣ ਦੇ ਵਿੱਚ ਹਰ ਤਰ੍ਹਾਂ ਦਾ ਸਮਝੌਤਾ ਕਰਦਾ ਹੈ ਪਰ ਕਦੇ ਘਾਟਾ ਨੀ ਪਾਉਂਦਾ ਤੇ ਨਾ ਹੀ ਮੁਫਤ ਵੰਡ ਦਾ ਹੈ। ਜਦੋਂ ਵਪਾਰੀ ਵਸਤੂਆਂ ਤੇ ਮਨੁੱਖਤਾ ਨੂੰ ਬਰਾਬਰ ਸਮਝਣ ਲੱਗੇ ਤਾਂ ਸਮਝੋ, ਭੁੱਖ ਦਾ ਜਸ਼ਨ ਮਨਾਇਆ ਜਾ ਰਿਹਾ ਹੈ। ਵਪਾਰੀ ਜਸ਼ਨ ਮਨਾਉਂਦੇ ਵੀ ਕਦੇ ਘਾਟਾ ਨਹੀਂ ਖਾਂਦਾ। ਪਤਾ ਨਹੀਂ ਇਹ ਕਿਉਂ ਕਹੀ ਜਾਂਦੇ ਹਨ ਕਿ " ਕਿ ਢਿੱਡ ਰੇਤੇ ਬੱਜਰੀ ਤੇ ਮਿੱਟੀ ਨਾਲ ਨਹੀਂ ਸਗੋਂ ਰੂਹ ਨਾ ਭਰਦਾ ਹੈ। " ਕਈਆਂ ਦਾ ਢਿੱਡ ਵੀ ਭਰ ਜਾਂਦਾ ਹੈ ਪਰ ਰੂਹ ਨਹੀਂ ਭਰਦੀ। ਜਿਸ ਦੀ ਰੂਹ ਭਰ ਜਾਵੇ ਉਹ ਜਿਉਂਦੇ ਜੀਅ ਅਮਰ ਹੋ ਜਾਂਦਾ ਹੈ। ਜਿਸ ਦੀ ਰੂਹ ਨਾ ਭਰੇ ਉਹ ਭਟਕਣ ਦੇ ਚੱਕਰਵਿਊ ਦੇ ਵਿੱਚ ਫਸ ਜਾਂਦਾ ਹੈ। ਫਸਿਆ ਬੰਦਾ ਜਾਂ ਗੱਡੀ ਜ਼ੋਰ ਨਾਲ ਨਹੀਂ, ਜੁਗਤ ਦੇ ਨਾਲ ਨਿਕਲਦੀ ਹੈ। ਹੁਣ ਜੁਗਤੀ ਬੰਦੇ ਭਾਲਿਆਂ ਨੀ ਲੱਭਦੇ ਸਭ ਚੁੱਪ ਦੀ ਗੁਫਾ ਵਿੱਚ ਪਦਮ ਆਸਣ ਲਾਈ ਬੈਠੇ ਹਨ! ਸਭ ਖਿਲਰੇ ਹੋਏ ਹਨ, ਆਪੋਆਪਣੀ ਹਾਉਮੈਂ ਨੂੰ ਲੈ ਕੇ ਬੈਠੇ ਹਨ, ਮੇਰੀ ਯੂਨੀਅਨ ਵੱਡੀ ਹੈ, ਮੈਂ ਸਰਕਾਰ ਦੀਆਂ ਗੋਡਣੀਆਂ ਲਵਾ ਸਕਦਾ, ਇਹ ਕਦੋਂ ਇੱਕ ਮੰਚ ਤੇ ਇੱਕਜੁੱਟ ਹੋਣਗੇ ? ਆਪਣੇ ਆਪ ਨੂੰ ਕਦੋਂ ਤਰਾਸ਼ਣਗੇ? ਆਓ ਆਪਾਂ ਆਪੋ ਆਪਣੀ ਪੀੜ੍ਹੀ ਹੇਠ ਸੋਟਾ ਫੇਰੀਏ। ਆਪਣੀ ਹਾਉਮੈ ਨੂੰ ਖਤਮ ਕਰੀਏ।



**ਬੁੱਧ ਸਿੰਘ ਨੀਲੋਂ**
**9464370823**

## ਸਰਵਹਿੱਤਕਾਰੀ ਵਿੱਦਿਆ ਮੰਦਰ ਭੀਖੀ ਦੇ ਵਿਦਿਆਰਥੀਆਂ ਨੇ 60ਵੀਂ ਪੰਜਾਬ ਸਟੇਟ ਐਨ ਆਰ ਸ਼ੂਟਿੰਗ ਚੈਪੀਅਨਸ਼ਿਪ 'ਚ ਕੀਤਾ ਸ਼ਾਨਦਾਰ ਪ੍ਰਦਰਸ਼ਨ

**ਭੀਖੀ ( ਕਮਲ ਜਿੰਦਲ)** ਸਥਾਨਕ ਸਰਵਹਿੱਤਕਾਰੀ ਵਿੱਦਿਆ ਮੰਦਰ ਭੀਖੀ ਦੇ ਵਿਦਿਆਰਥੀਆਂ ਦਾ ਸ਼ੂਟਿੰਗ ਚੈਪੀਅਨਸ਼ਿਪ ਦੌਰਾਨ ਪ੍ਰਦਰਸ਼ਨ ਬਹੁਤ ਹੀ ਸ਼ਾਨਦਾਰ ਰਿਹਾ। ਜਿਕਰਯੋਗ ਹੈ ਕਿ 60 ਵੀ ਪੰਜਾਬ ਸਟੇਟ ਐਨ ਆਰ ਸ਼ੂਟਿੰਗ ਚੈਂਪੀਅਨਸ਼ਿਪ ਰੇਂਜ ਫੇਸ ਐਸਏਐਸ ਨਗਰ ਮੋਹਾਲੀ ਵਿਖੇ ਸੰਪੰਨ ਹੋਈ, ਜਿਸ ਦੇ ਵਿੱਚ ਵਿੱਦਿਆ ਮੰਦਰ ਦੇ ਕੁੱਲ ਛੇ ਵਿਦਿਆਰਥੀਆਂ ਨੇ ਭਾਗ ਲਿਆ ਸੀ। ਬੜੇ ਹੀ ਮਾਣ ਦੀ ਗੱਲ ਹੈ ਕਿ ਜਿਨ੍ਹਾਂ ਦੇ ਵਿੱਚੋਂ ਪਾਰਥਿਵ ਗਰਗ 344, ਏਕਮ ਜੋਤ ਕੌਰ 316, ਪ੍ਰਭਜੋਤ ਸ਼ਰਮਾ 349,ਜਸ਼ਨਪ੍ਰੀਤ ਸਿੰਘ 323, ਜਸਮੀਨ ਕੌਰ 309, ਐਸ਼ਰੀਤ ਕੌਰ 318 ਸਕੋਰ ਰਿਹਾ। ਅਸੀਂ ਇਹ ਦੱਸਦੇ ਹੋਏ ਬੜੀ ਹੀ ਖੁਸ਼ੀ ਮਹਿਸੂਸ ਕਰ ਰਹੇ ਹਾਂ ਕਿ ਸਕੂਲ ਦੇ ਚਾਰ ਵਿਦਿਆਰਥੀ ਹੁਣ ਪਿਸਟਲ ਦੀ ਪ੍ਰੀ ਨੈਸ਼ਨਲ ਨਾੱਰਥ ਜੋਨ ਜੋ ਕਿ 04ਤੋਂ 16 ਅਕਤੂਬਰ2025 ਤ੍ਰਿਸੂਲ ਸ਼ੂਟਿੰਗ ਰੇਂਜ ਦੇਹਰਾਦੂਨ ਉੱਤਰਾਖੰਡ ਵਿਖੇ ਹੋਏ ਆਯੋਜਿਤ ਹੋਵੇਗੀ ,ਭਾਗ ਲੈਣਗੇ। । ਰਾਈਫ਼ਲ ਦੀ ਨਾੱਰਥ ਜੋਨ ਐਨਆਰ ਕੈਟਾਗਰੀ ਨਵੀਂ ਦਿੱਲੀ ਵਿਖੇ ਡਾਕਟਰ ਕਰਨੀ ਸਿੰਘ ਸ਼ੂਟਿੰਗ ਰੇਂਜ ਵਿੱਚ ਹੋਵੇਗੀ। ਇਸ ਸੰਬੰਧੀ ਬੱਚਿਆਂ ਨੂੰ ਅਤੇ ਸ਼ੂਟਿੰਗ ਕੋਚ ਨੂੰ ਵਧਾਈ ਦਿੰਦਿਆਂ ਸਕੂਲ ਪ੍ਰਿੰਸੀਪਲ ਡਾਕਟਰ ਗਗਨਦੀਪ ਪਰਾਸ਼ਰ ਨੇ ਦੱਸਿਆ ਕਿ ਹੋਣਹਾਰ ਬੱਚਿਆਂ ਨੇ ਪਹਿਲਾਂ ਸ਼ੂਟਿੰਗ ਦੀ ਜ਼ਿਲ੍ਹਾ ਐਸੋਸੀਏਸ਼ਨ ਦੇ ਮੈਚ ਖੇਡੇ, ਇਸ ਤੋਂ ਬਾਅਦ ਇਨ੍ਹਾਂ ਨੇ ਰਾਜ ਪੱਧਰੀ ਸ਼ੂਟਿੰਗ ਚੈਪੀਅਨਸ਼ਿਪ ਵਿੱਚ ਭਾਗ ਲਿਆ। ਵਿੱਦਿਆ ਮੰਦਰ ਦੇ ਲਈ ਇਹ ਬੜੇ ਹੀ ਮਾਣ ਦੀ ਗੱਲ ਹੈ ਕਿ ਇਹ ਬੱਚੇ ਹੁਣ ਪ੍ਰੀ ਨੈਸ਼ਨਲ ਲਈ ਜਾ ਰਹੇ ਹਨ ਇਸ ਤੋਂ ਅਗਲੇ ਮੁਕਾਬਲੇ ਨੈਸ਼ਨਲ ਅਤੇ ਨੈਸ਼ਨਲ ਤੋਂ ਬਾਅਦ ਟਰਾਇਲ ਪਾਸ ਕਰਨ ਤੋਂ ਬਾਅਦ ਬੱਚਿਆਂ ਲਈ ਓਲੰਪਿਕ, ਏਸ਼ੀਅਨ, ਵਰਲਡ, ਕਾੱਮਨ- ਵੈਲਥ ਆਦਿ ਖੇਡਾਂ ਦਾ ਰਸਤਾ ਖੁੱਲ ਜਾਂਦਾ ਹੈ। ਜ਼ਿਲ੍ਹਾ ਪੱਧਰੀ ਸ਼ੂਟਿੰਗ ਮੁਕਾਬਲਿਆਂ ਦੌਰਾਨ ਜ਼ਿਲ੍ਹਾ ਰਾਈਫ਼ਲ ਐਸੋਸੀਏਸ਼ਨ ਦੇ ਪ੍ਰੈਜੀਡੈਂਟ ਅੰਮ੍ਰਿਤਪਾਲ ਸਿੰਘ ਨੇ ਵੀ ਸਕੂਲ ਦੇ ਵਿਦਿਆਰਥੀਆਂ ਨੂੰ ਦੋ ਸ਼ੂਟਿੰਗ ਕਿੱਟ ਪ੍ਰੈਕਟਿਸ ਲਈ ਦਿੱਤੀਆਂ। ਦੱਸਣਯੋਗ ਹੈ ਕਿ ਰਾਈਫਲ ਕਿੱਟ ਤੋਂ ਬਿਨਾਂ ਬੱਚੇ ਮੈਚ ਨਹੀਂ ਕਰ ਸਕਦੇ ਇਸ ਲਈ ਬੱਚਿਆਂ ਨੂੰ ਤੁਰੰਤ ਸਮੇਂ ਤੇ ਚੀਜ਼ ਮੁਹੱਈਆ ਕਰਵਾਉਣ ਲਈ ਸਕੂਲ ਵੱਲੋਂ ਜ਼ਿਲ੍ਹਾ ਐਸੋਸੀਏਸ਼ਨ ਦੇ ਪ੍ਰੈਜੀਡੈਂਟ ਦਾ ਵੀ ਧੰਨਵਾਦ ਕੀਤਾ ਗਿਆ। ਬੱਚਿਆਂ ਦੀ ਇਸ ਸ਼ਾਨਦਾਰ ਸਫਲਤਾ ਦੇ ਮੌਕੇ ਤੇ ਸਕੂਲ ਪ੍ਰਬੰਧਕ ਕਮੇਟੀ, ਸਕੂਲ ਪ੍ਰਿੰਸੀਪਲ ਅਤੇ ਸਮੂਹ ਸਟਾਫ ਵੱਲੋਂ ਬੱਚਿਆਂ ਨੂੰ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਬਹੁਤ - ਬਹੁਤ ਵਧਾਈ ਦਿੱਤੀ। ਪ੍ਰੀ ਨੈਸ਼ਨਲ ਦੇ ਮੁਕਾਬਲਿਆਂ ਲਈ ਭਾਗ ਲੈਣ ਵਾਲੇ ਸਮੂਹ ਵਿਦਿਆਰਥੀਆਂ ਨੂੰ ਸ਼ੁਭਕਾਮਨਾਵਾਂ ਦਿੱਤੀਆਂ।



## ਐੱਸ.ਐੱਸ.ਡੀ. ਕਾਲਜ ਬਰਨਾਲਾ ਵਿੱਚ "ਵੂਮੈਨ ਐਮਪਾਵਰਮੈਂਟ" ’ਤੇ ਸਲੋਗਨ ਰਾਈਟਿੰਗ ਮੁਕਾਬਲਾ ਕਰਵਾਇਆ

**ਬਰਨਾਲਾ (ਚੰਡਿਹੋਕ)** : ਐੱਸ.ਐੱਸ.ਡੀ ਕਾਲਜ ਬਰਨਾਲਾ ਵਿੱਚ "ਵੂਮੈਨ ਐਮਪਾਵਰਮੈਂਟ" (Women’s Empo wer- ment) ਵਿਸ਼ੇ ’ਤੇ ਸਲੋਗਨ ਰਾਈਟਿੰਗ ਮੁਕਾਬਲਾ ਆਯੋਜਿਤ ਕੀਤਾ ਗਿਆ। ਇਸ ਮੁਕਾਬਲੇ ਵਿੱਚ ਵਿਦਿਆਰਥੀਆਂ ਨੇ ਵੱਡੇ ਉਤਸ਼ਾਹ ਨਾਲ ਭਾਗ ਲਿਆ ਅਤੇ ਆਪਣੇ ਸਲੋਗਨਾਂ ਰਾਹੀਂ ਮਹਿਲਾਵਾਂ ਦੇ ਸ਼ਕਤੀਕਰਨ ਬਾਰੇ ਸੋਚ-ਵਿਚਾਰ ਪੇਸ਼ ਕੀਤਾ। ਇਸ ਮੌਕੇ ਕਾਲਜ ਦੇ ਪ੍ਰਿੰਸੀਪਲ ਡਾ: ਰਾਕੇਸ਼ ਜਿੰਦਲ ਨੇ ਕਿਹਾ ਕਿ ਇਸ ਤਰ੍ਹਾਂ ਦੇ ਮੁਕਾਬਲੇ ਵਿਦਿਆਰਥੀਆਂ ਦੀ ਰਚਨ- ਾਤਮਕਤਾ ਨੂੰ ਨਿਖਾਰਨ ਦੇ ਨਾਲ ਨਾਲ ਉਹਨਾਂ ਨੂੰ ਸਮਾਜਕ ਮੁੱਦਿਆਂ ਪ੍ਰਤੀ ਜਾਗਰੂਕ ਵੀ ਕਰਦੇ ਹਨ। ਉਹਨਾਂ ਨੇ ਵਿਦਿਆਰਥੀਆਂ ਨੂੰ ਅਜਿਹੇ ਪ੍ਰੋਗਰਾਮਾਂ ਵਿੱਚ ਸਰਗਰਮ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ। ਇਸ ਮੁਕਾਬਲੇ ਦੀ ਅਗਵਾਈ ਪ੍ਰੋਫੈਸਰ ਸੀਮਾ ਰਾਣੀ ਅਤੇ ਪ੍ਰੋਫੈਸਰ ਅਮਨਦੀਪ ਕੌਰ ਨੇ ਕੀਤੀ ਜਦਕਿ ਪ੍ਰੋਫੈਸਰ ਹਰਪ੍ਰੀਤ ਕੌਰ ਨੇ ਵਿਦਿਆਰਥੀਆਂ ਨੂੰ ਉਤਸ਼ਾਹਿਤ ਕੀਤਾ। ਕਾਲਜ ਦੇ ਬਾਕੀ ਸਮੂਹ ਸਟਾਫ ਨੇ ਵੀ ਇਸ ਵਿੱਚ ਭਾਗ ਲਿਆ। ਕਰਵਾਏ ਗਏ ਸਲੋਗਨ ਰਾਈਟਿੰਗ ਮੁਕਾਬਲੇ ਦੇ ਨਤੀਜਿਆਂ ਅਨੁਸਾਰ ਪਹਿਲਾ ਸਥਾਨ ਕਿਰਨਜੀਤ ਕੌਰ ਅਤੇ ਹਰਸ਼ਿਤ ਸਹਾਨੀ, ਦੂਜਾ ਸਥਾਨ ਮਨਪ੍ਰੀਤ ਕੌਰ ਅਤੇ ਦਮਨਪ੍ਰੀਤ ਕੌਰ, ਜਦਕਿ ਤੀਜਾ ਸਥਾਨ ਸੁਖਜੀਤ ਸਿੰਘ ਅਤੇ ਤਰਨਪ੍ਰੀਤ ਕੌਰ ਨੇ ਪ੍ਰਾਪਤ ਕੀਤਾ।



# ਹੋਮਿਓਪੈਥਿਕ ਹੈਲਥ ਕਲੀਨਿਕ (ਡਰਬੀ) ਰਜਿ:
# HOMOEOPATHIC HEALTH CLINIC (DERBY) REGD.




... (FREE CONSULTATION) ...

GENERAL DISEASES: ... (Diabetes), ... (Asthma), ... (Arthritis), ... (Rheumatism), ... (Sciatica), ... (Indigestion), ... (Heart Burning) ... (Constipation), ... (Piles) ... (Haemorrhoids), ... (Flatulence), ... (Jaundice), ... (Hepatitis), ... (Hernia), ... (Blood Presure High or Low), ... (Obesity), ... (Migraine), ... (Hair Falling) ... (Alopecia), ... (Acne), ... (Pigmentation), ... (Bleeding Gums & Pyorrhoea), ... (Tinnitis) ... (Vertigo), ... (Anaemia), ... (Neuralgia), ... (Depression).

{ ਖੁਜਲੀ Eczema ਜਾਂ ਸੋਰਾਈਸਿਸ Psoriasis, ਮਿਰਗੀ ਦੇ ਦੌਰੇ Epileptic Fits, ਨਿਰਉਤਸ਼ਾਹ, Depression, ਵਰਗੀਆਂ ਦੁੱਖਦਾਈ ਬੀਮਾਰੀਆਂ ਨੂੰ ਅਸੀਂ ਜੜ੍ਹੋਂ ਖਤਮ ਕਰਦੇ ਹਾਂ }

**EYE DROPS:** ਅੱਖਾਂ ਦੀਆਂ ਸਭ ਤਰ੍ਹਾਂ ਦੀਆਂ ਬਿਮਾਰੀਆਂ ਵਿਚ ਹਰ ਕਿਸੇ ਲਈ ਮਦਦਗਾਰ (ਇਕ ਅਜੂਬਾ) £13

**TONICS** - 1) ਸਰੀਰਕ ਸ਼ਕਤੀ ANAEMIA, ... (ਇਕ ਲੀਟਰ ਤਿੰਨ ਮਹੀਨੇ ਲਈ) ਕੀਮਤ £120

2) ਮਾਨਸਿਕ ਸ਼ਕਤੀ ਲਈ (NERVE TONIC)- ਮਾਨਸਿਕ ਤਣਾਅ, ਥਕਾਵਟ, ... ਹਰ ਕਿਸੇ ਲਈ (ਇਕ ਲੀਟਰ ਤਿੰਨ ਮਹੀਨੇ ਲਈ) ਕੀਮਤ £120

## ਮਰਦਾਨਾ ਬੀਮਾਰੀਆਂ-ਕਮਜ਼ੋਰੀਆਂ ਅਤੇ ਤਾਕਤ ਲਈ ਨੁਸਖੇ:

1) ਮਰਦਾਨਾ ਤਾਕਤ ਦਾ ... ਨੁਸਖਾ- -------- 1 ਮਹੀਨੇ ਦੀ ਕੀਮਤ £35
2) ... ਨੁਸਖਾ- -------- 1 ਮਹੀਨੇ ਦੀ ਕੀਮਤ £35
3) ... (HEALTHY SPERMS) ... 1 ਮਹੀਨੇ ਦੀ ਕੀਮਤ £40
4) ... 1 ਮਹੀਨੇ ਦੀ ਕੀਮਤ £35
5) ... 1 ਮਹੀਨੇ ਦੀ ਕੀਮਤ £35
6) ... 1 ਮਹੀਨੇ ਦੀ ਕੀਮਤ £30
7) ... 1 ਮਹੀਨੇ ਦੀ ਕੀਮਤ £25
8) ... 1 ਮਹੀਨੇ ਦੀ ਕੀਮਤ £25

ਇਸ ਤੋਂ ਇਲਾਵਾ ਪੁਰਸ਼ਾਂ ਦੇ ਹੋਰ ਗੁਪਤ ਰੋਗ ਜਿਵੇਂ :
... (AZOOSPERMIA), ... (HYDROCELE), ... (GONORRHOEA), ... (PROSTATE GLAND) ... (SYPHILIS) ... (VARICOCELE), ...

## ਔਰਤਾਂ ਦੀਆਂ ਗੁਪਤ ਬੀਮਾਰੀਆਂ, ਜਿਵੇਂ :

... (Dysmenorrhoea), ... (Atrophy of Mammae) ... (Mastitis), ... (Uterus) ... (Physometra) ... (Fibroid Uterine), ... (Diseases of Ovaries), ... (Ovarian Cysts), ... (Vaginimus), ... (Vaginitis), ... (Frigidity), ... (Prutitis), ... (Sterility), ... (Miscarriage) ... (Diseases of Post Partum) ... (Menopause Disorders) - ...

ਨੋਟ: ਜ਼ਰੂਰਤ ਮੁਤਾਬਕ ਔਰਤਾਂ ਦੀ ਚੈਕਿੰਗ ਲਈ ਲੇਡੀ ਕੰਸਲਟੈਂਟ ਦਾ ਪ੍ਰਬੰਧ ਹੈ ।
LADY CONSULTANT & PRACTITIONER IS AVAILABLE. MRS. JASWINDER KAUR KHANBA BSYA (HOM.) (A.P.) AND (NUTRI.)

## ਔਰਤਾਂ ਲਈ ਕੁਦਰਤੀ ਤੋਹਫੇ ਅਤੇ ਨੁਸਖੇ (SCIENTIFICALLY PROVEN 'NATURAL GIFTS')

... INFORMATION, ... 1 ਮਹੀਨੇ ਦੀ ਕੀਮਤ

ਨੁਸਖਾ ਨੰਬਰ 1 (IN TABLETS): ... (PIGMENTATION WHITE SPOTS) ... ਇਕ ਮਹੀਨੇ ਦੀ ਕੀਮਤ -- £69
ਨੁਸਖਾ ਨੰਬਰ 2 (IN CAPSULES OR IN PEARLS): ... PROPER SHAPE ... £89
ਨੁਸਖਾ ਨੰਬਰ 3 (IN CAPSULES): ... (POWERFUL FAT BURNER) ... £69
ਨੁਸਖਾ ਨੰਬਰ 4 (IN CAPSULES): ... FLAT ਅਤੇ TONED ... £69
ਨੁਸਖਾ ਨੰਬਰ 5 (IN CAPSULES): ... (FEMALE SEX-DRIVE) ... A REAL MAGIC ... £69
ਨੁਸਖਾ ਨੰਬਰ 6 (GEL IN APPLICATORS): ... SEXUAL DISCOMFORT ... VAGINAL LUBRICATION GEL (MAGIC) -- £49
ਨੁਸਖਾ ਨੰਬਰ 7 (IN CAPSULES): ... CALCIUM ... (OSTEOPOROSIS) ... £59
ਨੁਸਖਾ ਨੰਬਰ 8 (IN CAPSULES): ... £59
ਨੁਸਖਾ ਨੰਬਰ 9 (IN CAPSULES): ... £59
ਨੁਸਖਾ ਨੰਬਰ 10 (IN CAPSULES): ... GUARANTEED GOOD QUALITY SLEEP ------ £59
ਨੁਸਖਾ ਨੰਬਰ 11 (IN TABLETS): ... (ANAEMIA) ... £49

ਮਰਦਾਂ ਲਈ ਕੁਦਰਤੀ ਤੋਹਫੇ ਅਤੇ ਨੁਸਖੇ-ਇਕ ਮਹੀਨੇ ਦੀ ਕੀਮਤ

ਨੁਸਖਾ ਨੰਬਰ 12 (IN TABLETS): ... (SPECIAL OCCASIONS) ... £89
ਨੁਸਖਾ ਨੰਬਰ 13 (IN VIALS): ... £89
ਨੁਸਖਾ ਨੰਬਰ 14 (IN TABLETS): ... SEXUAL ... MALE DISORDERS ... £69

## ਬੱਚਿਆਂ ਦੀਆਂ ਬੀਮਾਰੀਆਂ, ਜਿਵੇਂ:

... (Stammering), ... (Tonsilits), ... (Worms), ... (Enuresis), ... (Wheezing Problem), ... (Eczema), ... (Psoriasis), ... (Anaemia), ... (Backward Children), ... (Rickets), ... (Epilepsy) ਵਗੈਰਾ।

## ਅਸੀਂ EXTERNAL USE ਲਈ LOTION, OIL OINTMENT, LINIMENT ਅਤੇ CAPSULES ਆਪ ਜੀ ਦੀ ਲੋੜ ਅਨੁਸਾਰ ਬਣਾ ਕੇ ਦਿੰਦੇ ਹਾਂ ਸਾਡੇ ਆਪਣੇ ਕੁਝ SPECIFIC BRANDS ਇਸ ਤਰ੍ਹਾਂ ਹਨ (ਇਹ ਜਾਦੂ ਵਾਂਗ ਕੰਮ ਕਰਦੇ ਹਨ)

PILAES (IN OINTMENT) - ... ਆਰਾਮ £19
NURALACO (IN OINTMENT OR LOTION) -- ... ਆਰਾਮ £19
CHILLAGA (IN OINTMENT OR LOTION) -- ... ਆਰਾਮ £19
ARNSTRA (IN OINTMENT) -- ... (BED SORES) ... ਆਰਾਮ £19
BELINFLA (IN OIL OR OINTMENT) -- ... ਆਰਾਮ £19
BELULCE (IN OIL) -- ... ULCERS ... ਆਰਾਮ £19
BRYJOIN (IN OIL) -- ... ਆਰਾਮ £19
CALWOUN (IN OIL OR OINTMENT) -- ... ਆਰਾਮ £19
BURCAN (IN LOTION OR OINTMENT) -- ... ਆਰਾਮ £19
ROUTUM (IN OINTMENT) -- ... ਆਰਾਮ £19
JOINRHU (IN OIL) -- ... ਆਰਾਮ £19
ABSSIL (IN LOTION) -- ... ਆਰਾਮ £19
ITCSUL (IN OIL) -- ... ਆਰਾਮ £19
WARTHU (IN OIL) -- ... (WARTS) ... ਆਰਾਮ £19

* HOMOEOPATHIC HEALTH CLINIC ... (ਹਰ ... £10 ...)

ਹਰ ਤਰ੍ਹਾਂ ਦੇ ਨਸ਼ਿਆਂ ਅਤੇ ਉਹਨਾਂ ਨਾਲ ਸਰੀਰ 'ਚ ਪਏ ਨੁਕਸਾਂ ਤੋਂ ਮੁਕੰਮਲ ਛੁਟਕਾਰਾ ... ਫੋਨ ਕਰੋ

ALL INFORMATION IS KEPT STRICTLY CONFIDENTIAL

PLEASE MAKE AN APPOINTMENT: **MANJEET SINGH KHANBA**
M.A. M.(LIT) BSYA (HOM.) & (A.P.) (ADV. HERBALISM) AND NUTRI.) HOM. CONSULTANT & PRACTITIONER,
236, BLAGREAVES LANE, LITTLEOVER, DERBY. DE23 1PS, U.K.
Tel/FAX: 00 44 (0)+1332-72 72 42 Mobile: 00 44 (0)+7973-85 10 12
www.homoeopathichealthclinicderby.com Email : manjeetkhanba@aol.com

OPEN 7 DAYS STRICTLY ON APPOINTMENTS

# ਤਰਕਸ਼ੀਲਾਂ ਵੱਲੋਂ ਲੇਖ ਰਚਨਾ ਮੁਕਾਬਲਾ

ਤਰਕਸ਼ੀਲ ਸੁਸਾਇਟੀ ਪੰਜਾਬ ਦੇ ਬੁਲਾਰੇ ਦੋ ਮਾਸਿਕ ਤਰਕਸ਼ੀਲ ਮੈਗਜ਼ੀਨ ਵੱਲੋਂ ਸ਼ੁਰੂ ਕੀਤੇ ਗਏ ਲੇਖ ਰਚਨਾ ਮੁਕਾ-ਬਲੇ ਲਈ ਲਿਖਣ ਵਾਸਤੇ ਵਿਸ਼ਾ ਕਿਸੇ ਰਵਾਇਤੀ ਵਿਸ਼ੇ ਦੀ ਬਜਾਏ ਕੋਈ ਵਿਚਾਰ ਜਾਂ ਕਵਿਤਾ ਦੀ ਸਤਰ ਜਾਂ ਸ਼ੇਅਰ ਹੁੰਦਾ ਹੈ। ਤਰਕਸ਼ੀਲ ਮੈਗਜ਼ੀਨ ਦੇ ਸੰਪਾਦਕ ਰਾਜਪਾਲ ਸਿੰਘ ਤੇ ਜ਼ੋਨ ਜਥੇਬੰਦਕ ਮੁਖੀ ਮਾਸਟਰ ਪਰਮ ਵੇਦ ਨੇ ਦੱਸਿਆ ਕਿ ਨਵੰਬਰ- ਦਸੰਬਰ 2025 ਦਾ ਵਿਸ਼ਾ ਪਾਕਿਸਤਾਨੀ ਸ਼ਾਇਰ ਬਾਬਾ ਨਜ਼ਮੀ ਦੀ ਕਵਿਤਾ ਵਿਚੋਂ ਸਤਰ :

'ਬੇਹਿੰਮਤੇ ਨੇ ਜਿਹੜੇ ਬਹਿਕੇ ਸ਼ਿਕਵਾ ਕਰਨ ਮੁਕੱਦਰਾਂ ਦਾ'

'ਤੇ ਆਧਾਰਿਤ ਹੈ

*ਲੇਖ ਦੀ ਲੰਬਾਈ 1000 ਕੁ ਸ਼ਬਦਾਂ ਦੇ ਆਸ ਪਾਸ ਹੋਣੀ ਚਾਹੀਦੀ ਹੈ।

:ਇਸ ਮੁਕਾਬਲੇ ਵਿੱਚ ਪਹਿਲਾ ਸਥਾਨ ਪ੍ਰਾਪਤ ਕਰਨ ਵਾਲੇ ਨੂੰ 1000/-ਰੁਪਏ ਤੇ ਦੂਜਾ ਸਥਾਨ ਪ੍ਰਾਪਤ ਕਰਨ ਵਾਲੇ ਨੂੰ 700/- ਰੁਪਏ ਇਨਾਮ ਵਜੋਂ ਦਿੱਤੇ ਜਾਣਗੇ ।



ਲੇਖ ਰਚਨਾ ਮੁਕਾਬਲਾ

- ਤਰਕਸ਼ੀਲ ਵੱਲੋਂ ਸ਼ੁਰੂ ਕੀਤੇ ਗਏ ਲੇਖ ਰਚਨਾ ਮੁਕਾਬਲੇ ਲਈ ਨਵੰਬਰ-ਦਸੰਬਰ 2025 ਦਾ ਵਿਸ਼ਾ ਪਾਕਿਸਤਾਨੀ ਸ਼ਾਇਰ ਬਾਬਾ ਨਜ਼ਮੀ ਦੀ ਕਵਿਤਾ ਵਿਚੋਂ ਸਤਰ
  - " ਬੇਹਿੰਮਤੇ ਨੇ ਜਿਹੜੇ ਬਹਿਕੇ ਸ਼ਿਕਵਾ ਕਰਨ ਮੁਕੱਦਰਾਂ ਦਾ "
- ਲੇਖ ਦੀ ਲੰਬਾਈ 1000 ਕੁ ਸ਼ਬਦਾਂ ਦੇ ਆਸ ਪਾਸ ਹੋਣੀ ਚਾਹੀਦੀ ਹੈ। ਇਸ ਮੁਕਾਬਲੇ ਵਿੱਚ ਪਹਿਲਾ ਸਥਾਨ ਹਾਸਲ ਕਰਨ ਵਾਲੇ ਨੂੰ 1000 ਰੁਪਏ ਅਤੇ ਦੂਜੇ ਸਥਾਨ ਵਾਲੇ ਨੂੰ 700 ਰੁਪਏ ਇਨਾਮ ਵਜੋਂ ਦਿੱਤੇ ਜਾਣਗੇ। ਇਸ ਲੇਖ ਰਚਨਾ ਮੁਕਾਬਲੇ ਲਈ ਅਸੀਂ ਮੁੱਖ ਤੌਰ 'ਤੇ ਕਾਲਜ ਵਿਦਿਆਰਥੀਆਂ ਅਤੇ ਨਵੇਂ ਉਭਰ ਰਹੇ ਲੇਖਕਾਂ ਨੂੰ ਸੱਦਾ ਦਿੰਦੇ ਹਾਂ।
- ਇਸ ਵਿਸ਼ੇ ਉਪਰ ਤੁਹਾਡੀ ਰਚਨਾ 5 ਅਕਤੂਬਰ ਤੱਕ ਈਮੇਲ ਜਾਂ ਵਟਸਐਪ ਰਾਹੀਂ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ।

Email - editortarksheel@gmail.com
Watsapp Number - 95018 83486

:ਇਸ ਲੇਖ ਰਚਨਾ ਮੁਕਾਬਲੇ ਲਈ ਮੁੱਖ ਤੌਰ ਤੇ ਕਾਲਜ ਵਿਦਿਆਰਥੀਆਂ ਤੇ ਨਵੇਂ ਉਭਰ ਰਹੇ ਲੇਖਕਾਂ ਨੂੰ ਸੱਦਾ ਦਿੱਤਾ ਗਿਆ ਹੈ।

ਇਸ ਵਿਸ਼ੇ ਉਪਰ ਰਚਨਾ 5 ਅਕਤੂਬਰ ਤੱਕ ਤਰਕਸ਼ੀਲ ਸੁਸਾਇਟੀ ਪੰਜਾਬ ਦੀ ਈਮੇਲ ਜਾਂ ਵਟਸਐਪ ਰਾਹੀਂ ਪਹੁੰਚ ਜਾਣੀ ਚਾਹੀਦੀ ਹੈ।

Emial- eidtortarksheel @ gmial.com
WhatsApp number 9501883486
ਮਾਸਟਰ ਪਰਮਵੇਦ



ਜੋਨ ਜਥੇਬੰਦਕ ਮੁਖੀ ਤਰਕਸ਼ੀਲ ਸੁਸਾਇਟੀ ਪੰਜਾਬ 9417422349

# ਬਾਬਾ ਫ਼ਰੀਦ ਜੀ ਬਲੱਡ ਸੇਵਾ ਸੁਸਾਇਟੀ (ਰਜਿ ) ਫ਼ਰੀਦਕੋਟ ਵੱਲੋਂ ਲਗਾਇਆ ਜਾਵੇਗਾ 18 ਤੋਂ 25 ਸਤੰਬਰ ਵਿਸ਼ਾਲ ਖ਼ੂਨਦਾਨ ਕੈਂਪ

**ਫ਼ਰੀਦਕੋਟ (ਸਮਾਜ ਵੀਕਲੀ)** ਬਾਬਾ ਫ਼ਰੀਦ ਜੀ ਬਲੱਡ ਸੇਵਾ ਸੁਸਾਇਟੀ ( ਰਜਿ) ਫ਼ਰੀਦਕੋਟ ਵੱਲੋ ਬਾਬਾ ਫ਼ਰੀਦ ਆਗਮਨ ਪੁਰਬ ਮੌਕੇ ਤੇ ਕਿਲਾ ਮੁਬਾਰਕ ਦੇ ਸਾਹਮਣੇ ਲਗਾਤਾਰ 18 ਸਤੰਬਰ ਤੋ 25 ਸਤੰਬਰ ਤੱਕ ਵਿਸਾਲ ਖ਼ੂਨਦਾਨ ਕੈਂਪ ਸਵੇਰੇ 8 ਵਜੇ ਤੋ ਸਾਮ 6 ਵਜੇ ਤੱਕ ਲਗਾਇਆਂ ਜਾਵੇਗਾ।

ਇਹ ਜਾਣਕਾਰੀ ਸਾਂਝੇ ਤੌਰ ਤੇ ਪ੍ਰੈਸ ਨਾਲ ਸੁਸਾਇਟੀ ਦੇ ਪ੍ਰਧਾਨ ਰਾਜਵੀਰ ਸਿੰਘ ਗੋਲੇਵਾਲ, ਜਰਨਲ ਸਕੱਤਰ ਸੁਖਵੀਰ ਸਿੰਘ ਰੱਤੀ ਰੋੜੀ ਤੇ ਪ੍ਰੈਸ ਸਕੱਤਰ ਸ਼ਿਵਨਾਥ ਦਰਦੀ ਨੇ ਸਾਂਝੀ ਕਰਦਿਆਂ ਕਿਹਾ ਕਿ ਸਾਡੀ ਸੁਸਾਇਟੀ ਦਾ ਨਾਮ ਬਾਬਾ ਫ਼ਰੀਦ ਜੀ ਦੇ ਨਾਮ ਤੇ ਰੱਖਿਆਂ ਗਿਆਂ। ਇਸ ਲਈ ਹਰ ਸਾਲ ਦੀ ਤਰਾਂ ਸੰਗਤਾਂ ਦੇ ਸਹਿਯੋਗ ਵੱਧ ਤੋ ਵੱਧ ਬਲੱਡ ਦੀ ਯੂਨਿਟ ਇਕੱਤਰ ਕਰ ਲੋੜਵੰਦਾਂ ਤੱਕ ਪਹੁੰਚਾਈ ਜਾਵੇਗੀ।

# ਕੌਂਸਲ ਪ੍ਰਧਾਨ ਨਿੰਦਾ ਵੱਲੋਂ ਅੰਬੇਡਕਰ ਚੌਂਕ ਬਨਾਉਣ ਦਾ ਭਰੋਸਾ :- ਢੋਸੀਵਾਲ

**ਫਰੀਦਕੋਟ (ਸਮਾਜ ਵੀਕਲੀ)** ਪ੍ਰਮੁੱਖ ਗੈਰ ਸਰਕਾਰੀ ਸਮਾਜ ਸੇਵੀ ਸੰਸਥਾ ਐੱਲ.ਬੀ.ਸੀ.ਟੀ. (ਲਾਰਡ ਬੁੱਧਾ ਚੈਰੀਟੇਬਲ ਟਰੱਸਟ) ਦੇ ਉੱਚ ਪੱਧਰੀ ਵਫ਼ਦ ਨੇ ਅੱਜ ਨਗਰ ਕੌਂਸਲ ਪ੍ਰਧਾਨ ਨਰਿੰਦਰ ਪਾਲ ਸਿੰਘ ਨਿੰਦਾ ਨਾਲ ਉਨ੍ਹਾਂ ਦੇ ਦਫਤਰ ਵਿਖੇ ਮੁਲਾਕਾਤ ਕੀਤੀ। ਜ਼ਿਲ੍ਹਾ ਪ੍ਰਧਾਨ ਜਗਦੀਸ਼ ਰਾਜ ਭਾਰਤੀ ਦੀ ਅਗਵਾਈ ਹੇਠਲੇ ਇਸ ਵਫ਼ਦ ਵਿੱਚ ਟਰੱਸਟ ਦੇ ਬਾਨੀ ਚੇਅਰਮੈਨ ਜਗਦੀਸ਼ ਰਾਏ ਢੋਸੀਵਾਲ ਮੁਕਤਸਰ ਨੇ ਉਚੇਚੇ ਤੌਰ ’ਤੇ ਸ਼ਿਰਕਤ ਕੀਤੀ। ਇਸ ਤੋਂ ਇਲਾਵਾ ਟਰੱਸਟ ਦੇ ਚੇਅਰਮੈਨ ਪ੍ਰਿੰ. ਕ੍ਰਿਸ਼ਨ ਲਾਲ, ਜਨਰਲ ਸਕੱਤਰ ਮਲਕੀਤ ਸਿੰਘ ਮੰਮਣ, ਸੀਨੀਅਰ ਆਗੂ ਸ੍ਰੀ ਕ੍ਰਿਸ਼ਨ ਆਰ.ਏ. ਅਤੇ ਜੀ.ਪੀ. ਛਾਬੜਾ ਆਦਿ ਵੀ ਵਫ਼ਦ ਵਿੱਚ ਸ਼ਾਮਿਲ ਸਨ। ਮੁਲਾਕਾਤ ਦੌਰਾਨ ਟਰੱਸਟ ਵੱਲੋਂ ਫਰੀਦਕੋਟ ਸਾਦਿਕ ਸੜਕ ’ਤੇ ਪੁਰਾਣੇ ਨਾਲੇ ਕੋਲ ਅਰਾਈਆਂ ਵਾਲਾ ਅਤੇ ਸਰਕੂਲਰ ਰੋਡ ਨੂੰ ਜੋੜਨ ਵਾਲੀ ਸੜਕ ’ਤੇ ਬਣਦੇ ਚੌਰਾਹੇ ਦਾ ਨਾਮ ਡਾ. ਅੰਬੇਡਕਰ ਚੌਂਕ ਰੱਖਣ ਦੀ ਮੰਗ ਰੱਖੀ ਅਤੇ ਇਸ ਸਬੰਧੀ ਮੰਗ ਪੱਤਰ ਵੀ ਦਿੱਤਾ। ਇਸ ਮੌਕੇ ਨਗਰ ਕੌਂਸਲ ਦੇ ਇੰਜ. ਰਾਜੇਸ਼ ਕੁਮਾਰ ਕੰਬੋਜ ਅਤੇ ਜੇ.ਈ. ਅੰਕੁਸ਼ ਕਪੂਰ ਵੀ ਮੌਜੂਦ ਸਨ। ਸ਼ਹਿਰ ਦੇ ਵਿਕਾਸ ਲਈ ਲਗਾਤਾਰ ਯਤਨਸ਼ੀਲ ਅਤੇ ਸ਼ਹਿਰੀ ਸਮੱਸਿਆਵਾਂ ਨੂੰ ਪਹਿਲ ਦੇ ਆਧਾਰ ’ਤੇ ਹੱਲ ਕਰਨ ਵਾਲੇ ਵਿਅਕਤੀ ਵਜੋਂ ਜਾਣੇ ਜਾਂਦੇ ਕੌਂਸਲ ਪ੍ਰਧਾਨ ਨਰਿੰਦਰ ਪਾਲ ਸਿੰਘ ਨਿੰਦਾ ਨੇ ਵਫ਼ਦ ਦੀ ਗੱਲਬਾਤ ਨੂੰ ਬੜੀ ਹਮਦਰਦੀ ਅਤੇ ਗੰਭੀਰਤਾ ਨਾਲ ਸੁਣਿਆ ਅਤੇ ਤੁਰੰਤ ਹੀ ਉਕਤ ਚੌਂਕ ਦਾ ਨਾਮ ਡਾ. ਅੰਬੇਡਕਰ ਚੌਂਕ ਰੱਖੇ ਜਾਣ ਦੀ ਪ੍ਰਵਾਨਗੀ ਦੇ ਦਿੱਤੀ। ਪ੍ਰਧਾਨ ਨੇ ਕਿਹਾ ਕਿ ਦੋ ਚਾਰ ਦਿਨਾਂ ਵਿੱਚ ਹੀ ਕਮੇਟੀ ਦੀ ਮੀਟਿੰਗ ਹੋਵੇਗੀ, ਜਿਸ ਵਿੱਚ ਇਸ ਸਬੰਧੀ ਬਕਾਇਦਾ ਤੌਰ ’ਤੇ ਮਤਾ ਪਾ ਦਿੱਤਾ ਜਾਵੇਗਾ। ਪ੍ਰਧਾਨ ਨੇ ਇਹ ਵੀ ਭਰੋਸਾ ਦਿੱਤਾ ਕਿ ਜਲਦੀ ਹੀ ਉਕਤ ਚੌਂਕ ਵਿੱਚ ਡਾ. ਅੰਬੇਡਕਰ ਚੌਂਕ ਦੇ ਨਾਮ ਨੂੰ ਦਰਸਾਉਂਦੇ ਡਿਸਪਲੇ ਬੋਰਡ ਲਗਾ ਦਿੱਤੇ ਜਾਣਗੇ। ਜਾਣਕਾਰੀ ਦਿੰਦੇ ਹੋਏ ਚੇਅਰਮੈਨ ਢੋਸੀਵਾਲ ਨੇ ਦੱਸਿਆ ਹੈ ਕਿ ਵਫ਼ਦ ਵੱਲੋਂ ਸ਼ਹਿਰ ਦੇ ਕਈ ਹਿੱਸਿਆਂ ਵਿੱਚ ਬੰਦ ਪਈਆਂ ਸਟਰੀਟ ਲਾਈਟਾਂ ਦਾ ਮਾਮਲਾ ਉਠਾਏ ਜਾਣ ’ਤੇ ਇਹਨਾਂ ਦਾ ਜਲਦੀ ਹੱਲ ਕਰਵਾਏ ਜਾਣ ਦਾ ਵਿਸ਼ਾਵਸ ਦਿਵਾਇਆ। ਸ੍ਰੀ ਢੋਸੀਵਾਲ ਅਤੇ ਸ੍ਰੀ ਭਾਰਤੀ ਨੇ ਡਾ. ਅੰਬੇਡਕਰ ਚੌਂਕ ਬਣਾਏ ਜਾਣ ਲਈ ਨਗਰ ਕੌਂਸਲ ਪ੍ਰਧਾਨ ਦਾ ਧੰਨਵਾਦ ਕੀਤਾ। ਉਨ੍ਹਾਂ ਨੇ ਉਮੀਦ ਜਾਹਿਰ ਕੀਤੀ ਕਿ ਜਲਦੀ ਹੀ ਨਗਰ ਕੌਂਸਲ ਐਮ.ਈ. ਅਤੇ ਜੇ.ਈ. ਵੱਲੋਂ ਡਾ. ਅੰਬੇਡਕਰ ਚੌਂਕ ਦੇ ਨਾਮ ਨੂੰ ਦਰਸਾਉਂਦੇ ਹੋਏ ਡਿਸਪਲੇ ਬੋਰਡ ਲਗਵਾ ਦਿੱਤੇ ਜਾਣਗੇ।



# ਪ੍ਰੈਸ ਕਲੱਬ ਨੇ ਹੜ੍ਹ ਪ੍ਰਭਾਵਿਤ ਖਜੂਰਮੰਡੀ ਸਕੂਲ ਦੇ ਵਿਦਿਆਰਥੀਆਂ ਨੂੰ ਸਿੱਖਿਆ ਸਮੱਗਰੀ ਵੰਡੀ

## ਰੰਧਾਵਾ, ਐਸਡੀਐਮ, ਅਤੇ ਤਹਿਸੀਲਦਾਰ ਨੇ ਪ੍ਰੈਸ ਮੈਂਬਰਾਂ ਦੀ ਕੀਤੀ ਪ੍ਰਸ਼ੰਸਾ

**ਲਾਲੜੂ, ਡੇਰਾਬੱਸੀ, ਸੰਜੀਵ ਸਿੰਘ ਸੈਣੀ।** ਪ੍ਰੈਸ ਕਲੱਬ, ਸਬ-ਡਵੀਜ਼ਨ ਡੇਰਾਬੱਸੀ (2589) ਨੇ "ਪੜ੍ਹੋ ਪੰਜਾਬ" ਮੁਹਿੰਮ ਦੇ ਹਿੱਸੇ ਵਜੋਂ ਇਸ ਮਹੀਨੇ ਹੜ੍ਹਾਂ ਨਾਲ ਸਭ ਤੋਂ ਵੱਧ ਪ੍ਰਭਾਵਿਤ ਸਰਕਾਰੀ ਪ੍ਰਾਇਮਰੀ ਸਕੂਲ ਖਜੂਰਮੰਡੀ ਦੇ ਸਾਰੇ ਬੱਚਿਆਂ ਨੂੰ ਸਕੂਲ ਬੈਗ ਅਤੇ ਸਟੇਸ਼ਨਰੀ ਵੰਡੀ। ਵਿਧਾਇਕ ਕੁਲਜੀਤ ਰੰਧਾਵਾ, ਐਸਡੀਐਮ ਅਮਿਤ ਗੁਪਤਾ ਅਤੇ ਤਹਿਸੀਲਦਾਰ ਸੁਮਿਤ ਢਿੱਲੋਂ ਨੇ ਸਟੇਸ਼ਨਰੀ ਵੰਡਣ ਤੋਂ ਬਾਅਦ ਪ੍ਰੈਸ ਮੈਂਬਰਾਂ ਦੇ ਸਮਾਜਿਕ ਕਾਰਜਾਂ ਦੀ ਸ਼ਲਾਘਾ ਕੀਤੀ। ਸ੍ਰ.ਰੰਧਾਵਾ ਨੇ ਕਿਹਾ ਕਿ ਪ੍ਰੈਸ ਕਲੱਬ ਪਿਛਲੇ ਚਾਰ ਸਾਲਾਂ ਤੋਂ ਵੱਖ-ਵੱਖ ਪਿੰਡਾਂ ਦੇ ਸਕੂਲਾਂ ਵਿੱਚ ਜਾ ਕੇ ਲੋੜਵੰਦ ਵਿਦਿਆਰਥੀਆਂ ਨੂੰ ਸਕੂਲ ਬੈਗ, ਪੈੱਨ, ਪੈਨਸਿਲ, ਰਬੜਾਂ ਅਤੇ ਨੋਟਬੁੱਕ ਸਮੇਤ ਵਿਦਿਅਕ ਸਮੱਗਰੀ ਵੰਡ ਰਿਹਾ ਹੈ ਅਤੇ ਹੁਣ ਤੱਕ 60 ਤੋਂ ਵੱਧ ਸਰਕਾਰੀ ਸਕੂਲਾਂ ਦੇ ਲੋੜਵੰਦ ਬੱਚਿਆਂ ਨੂੰ ਸਟੇਸ਼ਨਰੀ ਵੰਡੀ ਜਾ ਚੁੱਕੀ ਹੈ। ਪ੍ਰੈਸ ਕਲੱਬ ਦੇ ਪ੍ਰਧਾਨ ਮਨੋਜ ਰਾਜਪੂਤ ਨੇ ਦੱਸਿਆ ਕਿ ਸਾਰੇ ਪ੍ਰਾਇਮਰੀ ਸਕੂਲ ਦੇ ਬੱਚਿਆਂ ਨੂੰ 300 ਨੋਟਬੁੱਕਾਂ, 41 ਸਕੂਲ ਬੈਗ, ਬਾਲਪੁਆਇੰਟ ਪੈੱਨ ਅਤੇ ਪੈਨਸਿਲ ਸਕੇਲ ਕਿੱਟਾਂ ਭੇਟ ਕੀਤੀਆਂ ਗਈਆਂ। ਚੇਅਰਮੈਨ ਰਣਬੀਰ ਸਿੰਘ ਪੜ੍ਹੀ ਨੇ ਦੱਸਿਆ ਕਿ ਇਸ ਸਾਲ ਹੜ੍ਹਾਂ ਤੋਂ ਸਭ ਤੋਂ ਵੱਧ ਪ੍ਰਭਾਵਿਤ ਸਕੂਲਾਂ ਨੂੰ ਤਰਜੀਹ ਦਿੱਤੀ ਜਾ ਰਹੀ ਹੈ। ਸਕੂਲ ਦੇ ਮੁੱਖ ਅਧਿਆਪਕ ਪਵਨ ਕੁਮਾਰ ਅਤੇ ਸਰੋਜ ਬਾਲਾ ਨੇ ਪ੍ਰੈਸ ਕਲੱਬ, ਪ੍ਰਸ਼ਾਸਨ ਤੇ ਵਿਧਾਇਕ ਦਾ ਧੰਨਵਾਦ ਕੀਤਾ। ਇਸ ਮੌਕੇ ਪ੍ਰੈਸ ਕਲੱਬ ਦੇ ਪ੍ਰੋਜੈਕਟ ਚੇਅਰਮੈਨ ਚੰਦਰਪਾਲ ਅੱਤਰੀ, ਸਰਪ੍ਰਸਤ ਡਾ. ਦਿਨੇਸ਼ ਮਿੱਤਲ ਅਤੇ ਰਾਜਬੀਰ ਸੈਣੀ, ਜਨਰਲ ਸਕੱਤਰ ਗੁਰਜੀਤ ਈਸਾਂਪੁਰ, ਸੀਨੀਅਰ ਮੀਤ ਪ੍ਰਧਾਨ ਸੁਖਵਿੰਦਰ ਸੈਣੀ, ਸੀਨੀਅਰ ਮੀਤ ਪ੍ਰਧਾਨ ਸੁਰਜੀਤ ਕੁਹਾੜ ਅਤੇ ਸੁਖਵਿੰਦਰ ਸੁੱਖੀ ਵੀ ਮੌਜੂਦ ਸਨ।



**ਸਰਕਾਰੀ ਪ੍ਰਾਇਮਰੀ ਸਕੂਲ, ਖਜੂਰਮੰਡੀ ਦੇ ਬੱਚਿਆਂ ਨੂੰ ਵਿਧਾਇਕ, ਐਸਡੀਐਮ, ਤਹਿਸੀਲਦਾਰ ਅਤੇ ਪ੍ਰੈਸ ਕਲੱਬ ਦੇ ਮੈਂਬਰ ਬੈਗ ਅਤੇ ਸਟੇਸ਼ਨਰੀ ਭੇਟ ਕਰਦੇ ਹੋਏ।**

# ਐਸ. ਸੀ./ ਬੀ. ਸੀ. ਇੰਪਲਾਈਜ ਵੈਲਫੇਅਰ ਫੈਡਰੇਸ਼ਨ ਵੱਲੋਂ ਡਾ: ਬੀ .ਆਰ ਅੰਬੇਡਕਰ "ਬੈਸਟ ਟੀਚਰ ਐਵਾਰਡ ਭਲਕੇ

**ਕਪੂਰਥਲਾ ( ਕੌੜਾ )-** ਗਜ਼ਟਿਡ ਅਤੇ ਨਾਨ ਗਜ਼ਟਿਡ ਐਸ ਸੀ ਬੀ ਸੀ ਇੰਪਲਾਈਜ ਵੈਲਫੇਅਰ ਫੈਡਰੇਸ਼ਨ ਕਪੂਰਥਲਾ ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਮਿਹਨਤੀ, ਆਦਰਸ਼,ਸਮਾਜ ਲਈ ਚਾਨਣ ਮੁਨਾਰਾ ਅਧਿਆਪਕਾਂ ਨੂੰ ਸਨਮਾਨਿਤ ਕਰਨ ਲਈ ਡਾਕਟਰ ਬੀ ਆਰ ਅੰਬੇਡਕਰ ਬੈਸਟ ਟੀਚਰ- 2025 ਐਵਾਰਡ ਦਿੱਤਾ ਜਾ ਰਿਹਾ ਹੈ। ਉਕਤ ਜਾਣਕਾਰੀ ਦਿੰਦੇ ਹੋਏ ਫੈਡਰੇਸ਼ਨ ਦੇ ਜ਼ਿਲਾ ਪ੍ਰਧਾਨ ਸਤਵੰਤ ਟੂਰਾ ਅਤੇ ਜ਼ਿਲ੍ਹਾ ਜਨਰਲ ਸਕੱਤਰ ਲਖਵੀਰ ਸਿੰਘ ਨੇ ਦੱਸਿਆ ਕਿ ਇਸ ਸਾਲ ਇਹ ਐਵਾਰਡ ਸਮਾਗਮ ਫੈਡਰੇਸ਼ਨ ਤੇ ਜਿਲਾ ਪ੍ਰੈਸ ਸਕੱਤਰ ਸੰਤੋਖ ਸਿੰਘ ਮੱਲ੍ਹੀ, ਕਪੂਰਥਲਾ ਤਹਿਸੀਲ ਪ੍ਰਧਾਨ ਪਰਮਜੀਤ ਲਾਲ , ਸੁਲਤਾਨ- ਪੁਰ ਲੋਧੀ ਤਹਿਸੀਲ ਪ੍ਰਧਾਨ ਮਨਜੀਤ ਦਾਸ, ਕਪੂਰਥਲਾ ਤਹਿਸੀਲ ਦੇ ਮੀਤ ਪ੍ਰਧਾਨ ਹਰਜਿੰਦਰ ਹੈਰੀ ਅਤੇ ਜੀਤ ਸਿੰਘ ਜਨਰਲ ਪ੍ਰਧਾਨ ਆਲ




**ਸਨਮਾਨ ਸਮਾਗਮ ਸਬੰਧੀ ਜਾਣਕਾਰੀ ਦਿੰਦੇ ਹੋਏ ਫੈਡਰੇਸ਼ਨ ਦੇ ਜ਼ਿਲਾ ਪ੍ਰਧਾਨ ਸਤਵੰਤ ਟੂਰਾ ਅਤੇ ਜ਼ਿਲ੍ਹਾ ਜਨਰਲ ਸਕੱਤਰ ਲਖਵੀਰ ਸਿੰਘ।**

ਇੰਡੀਆ ਐਸ. ਸੀ./ ਐਸ. ਟੀ. ਇੰਪਪਲਾਈਜ ਵੈਲਫੇਅਰ ਐਸੋਸੀਏਸ਼ਨ ਆਰ ਸੀ ਐਫ ਕਪੂਰਥਲਾ , ਅਵਤਾਰ ਸਿੰਘ ਝੰਮਟ ਆਦਿ ਦੇ ਵਿਸ਼ੇਸ਼ ਯਤਨਾਂ ਅਤੇ ਆਲ ਇੰਡੀਆ ਐਸ. ਸੀ./ ਐਸ. ਟੀ. ਇੰਪਪਲਾਈਜ ਵੈਲਫੇਅਰ ਐਸੋਸੀਏਸ਼ਨ ਆਰ ਸੀ ਐਫ ਕਪੂਰਥਲਾ ਦੇ ਵਿਸ਼ੇਸ ਸਹਿਯੋਗ ਨਾਲ 19 ਸਤੰਬਰ ਨੂੰ ਵਰਕਰਜ਼ ਕਲੱਬ ਆਰ ਸੀ ਐਫ (ਕਪੂਰਥਲਾ) ਵਿਖੇ ਬਾਅਦ 2.00 ਵਜੇ ਤੋਂ 4.00 ਵਜੇ ਤੱਕ ਆਯੋਜਿਤ ਕਰਵਾਇਆ ਜਾ ਰਿਹਾ ਹੈ।

ਓਹਨਾਂ ਦੱਸਿਆ ਕਿ ਉਕਤ ਸਮਾਗ਼ਮ ਦੌਰਾਨ ਫੈਡਰੇਸ਼ਨ ਵੱਲੋਂ 12 ਅਧਿਆਪਕਾਂ ਨੂੰ ਬੈਸਟ ਟੀਚਰ ਐਵਾਰਡ- 2025 ਦੇ ਕੇ ਸਨਮਾਨਿਤ ਕੀਤਾ ਜਾਵੇਗਾ। ਤੋਂ ਇਲਾਵਾ ਵੱਖ-ਵੱਖ ਖੇਤਰਾਂ ਵਿੱਚ ਮੱਲਾਂ ਮਾਰਨ ਵਾਲੀਆਂ ਹੋਰ ਵੀ ਅਹਿਮ ਸ਼ਖਸ਼ੀਅਤਾਂ ਦਾ ਮਾਨ ਸਨਮਾਨ ਕਰਕੇ ਉਹਨਾਂ ਦੀ ਹੌਸਲਾ ਫਜਾਈ ਕੀਤੀ ਜਾਵੇਗੀ।

# ਦਵਾਈ ਲੈਣ ਜਾ ਰਹੇ ਸੀ ਬਜ਼ੁਰਗ ਪਤੀ-ਪਤਨੀ ਨਾਲ ਵਾਪਰਿਆ ਭਿਆਨਕ ਸੜਕ ਹਾਦਸਾ

## ਸੜਕ ਹਾਦਸੇ ਦੌਰਾਨ ਗੰਭੀਰ ਰੂਪ ਵਿੱਚ ਜ਼ਖਮੀ ਹੋਏ ਪਤੀ-ਪਤਨੀ ਦੀ ਹੋਈ ਮੌਤ





**ਕਪੂਰਥਲਾ (ਕੌੜਾ)-** ਪਿੰਡ ਮੰਗੂਪੁਰ ਦੇ ਨਜ਼ਦੀਕ ਇੱਕ ਭਿਆਨਕ ਸੜਕ ਹਾਦਸਾ ਵਾਪਰਨ ਦਾ ਸਮਾਚਾਰ ਪ੍ਰਾਪਤ ਹੋਇਆ ਹੈ ,ਜਿਸ ਦੌਰਾਨ ਇੱਕ ਬਜ਼ੁਰਗ ਪਤੀ ਪਤਨੀ ਦੀ ਮੌਤ ਹੋ ਗਈ ਹੈ। ਜਾਣਕਾਰੀ ਦਿੰਦੇ ਹੋਏ ਮ੍ਰਿਤਕ ਦੇ ਭਤੀਜੇ ਨੰਬਰਦਾਰ ਜੋਗਾ ਸਿੰਘ ਕਾਲੇਵਾਲ ਨੇ ਦੱਸਿਆ ਕਿ ਉਨਾਂ ਦਾ ਮਾਮਾ ਸੇਵਾਮੁਕਤ ਸੂਬੇਦਾਰ ਫਕੀਰ ਸਿੰਘ (73) ਪੁੱਤਰ ਉਜਾਗਰ ਸਿੰਘ ਅਤੇ ਬਲਵੀਰ ਕੌਰ(71) ਪਤਨੀ ਫਕੀਰ ਸਿੰਘ ਵਾਸੀ ਪਰਮਜੀਤਪੁਰ (ਆਲੂਪੁਰ) ਮੋਟਰਸਾਈਕਲ PB 09 ਅਢ 2249 ਸਪਲੈਂਡਰ ਤੇ ਸਵਾਰ ਹੋ ਕੇ ਦਵਾਈ ਲੈਣ ਲਈ ਗੋਇੰਦਵਾਲ ਸਾਹਿਬ ਜਾ ਰਹੇ ਸਨ । ਜਦੋਂ ਉਹ ਤਲਵੰਡੀ ਚੌਧਰੀਆਂ ਤੋਂ ਅੱਗੇ ਪਿੰਡ ਮੰਗੂਪੁਰ ਨੇੜੇ ਸਥਿਤ ਇੱਕ ਪੈਟਰੋਲ ਪੰਪ ਤੋਂ ਤੇਲ ਪਵਾਉਣ ਨੂੰ ਮੋੜਨ ਲੱਗੇ ਤਾਂ ਪਿੱਛੋਂ ਆ ਰਹੀ ਇੱਕ ਬਰੀਜਾ ਗੱਡੀ ਫਬ 76 ਅ 0028 ਦੇ ਚਾਲਕ ਨੇ ਉਹਨਾਂ ਨੂੰ ਪਿਛਲੇ ਪਾਸਿਓਂ ਜ਼ਬਰਦਸਤ ਟੱਕਰ ਮਾਰ ਦਿੱਤੀ। ਜਿੰਨਾ ਨੂੰ ਮੌਕੇ ਤੇ ਪਹੁੰਚੀ ਸੜਕ ਸੁਰੱਖਿਆ ਫੋਰਸ ਦੀ ਟੀਮ ਨੇ ਇਲਾਜ ਲਈ ਸਿਵਲ ਹਸਪਤਾਲ ਸੁਲਤਾਨਪੁਰ ਲੋਧੀ ਲਿਆਂਦਾ, ਜਿੱਥੇ ਡਾਕਟਰਾਂ ਵੱਲੋਂ ਜ਼ਖਮੀ ਪਤੀ ਪਤਨੀ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ। ਘਟਨਾ ਤੋਂ ਬਾਅਦ ਪਰਿਵਾਰ ਦਾ ਰੋ ਰੋ ਕੇ ਬੁਰਾ ਹਾਲ ਹੈ। ਜਾਣਕਾਰੀ ਦਿੰਦੇ ਹੋਏ ਥਾਣਾ ਤਲਵੰਡੀ ਚੌਧਰੀਆਂ ਦੇ ਐੱਸ ਐੱਚ ਓ ਅਨਿਲ ਕੁਮਾਰ ਨੇ ਦੱਸਿਆ ਕਿ ਥਾਣਾ ਤਲਵੰਡੀ ਚੌਧਰੀਆਂ ਪੁਲਿਸ ਵੱਲੋਂ ਮੌਕੇ ਤੇ ਪਹੁੰਚ ਕੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ ।ਅਤੇ ਮ੍ਰਿਤਕ ਸੇਵਾ ਮੁਕਤ ਸੂਬੇਦਾਰ ਫਕੀਰ ਸਿੰਘ (73) ਪੁੱਤਰ ਉਜਾਗਰ ਸਿੰਘ ਅਤੇ ਬਲਵੀਰ ਕੌਰ(71) ਪਤਨੀ ਫਕੀਰ ਸਿੰਘ ਵਾਸੀ ਪਰਮਜੀਤਪੁਰ (ਆਲੂਪੁਰ) ਸੁਲਤਾਨਪੁਰ ਲੋਧੀ ਜਿਲ੍ਹਾ ਕਪੂਰਥਲਾ ਦੀ ਲਾਸ਼ਾਂ ਨੂੰ ਪੁਲਿਸ ਵੱਲੋਂ ਸਿਵਲ ਹਸਪਤਾਲ ਸੁਲਤਾਨਪੁਰ ਲੋਧੀ ਦੇ ਮੁਰਦਾਘਰ ਵਿਖੇ ਰੱਖਵਾ ਦਿੱਤਾ ਗਿਆ ਹੈ। ਅਤੇ ਥਾਣਾ ਤਲਵੰਡੀ ਚੌਧਰੀਆਂ ਦੀ ਪੁਲਿਸ ਵੱਲੋਂ ਗੱਡੀ ਚਾਲਕ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ ਹੈ ਅਤੇ ਮ੍ਰਿਤਕ ਦੇ ਪਰਿਵਾਰ ਜੋ ਵੀ ਬਿਆਨ ਕਲਮ ਬੰਦ ਕਰਾਉਣਗੇ , ਉਸ ਅਨੁਸਾਰ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

# ਸਵਦੇਸ਼ੀ ਸੋਚ ਤੇ ਸੇਵਾ ਦਾ ਸੰਦੇਸ਼: ਮੋਦੀ ਦੇ ਜਨਮਦਿਨ 'ਤੇ ਡੇਰਾਬੱਸੀ ਵਿੱਚ ਮੁਫ਼ਤ ਮੈਡੀਕਲ ਕੈਂਪ ਤੇ ਰੁੱਖ ਲਗਾਉਣ ਦਾ ਆਯੋਜਨ

**ਡੇਰਾਬੱਸੀ (ਸੰਜੀਵ ਸਿੰਘ ਸੈਣੀ)** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ 75ਵੇਂ ਜਨਮਦਿਨ ਦੇ ਮੌਕੇ 'ਤੇ ਡੇਰਾਬੱਸੀ ਵਿੱਚ ਸੇਵਾ ਅਤੇ ਸੱਭਿਆਚਾਰ ਦਾ ਵਿਲੱਖਣ ਸੰਗਮ ਦੇਖਣ ਨੂੰ ਮਿਲਿਆ। ਭਾਜਪਾ ਮੰਡਲ ਡੇਰਾਬੱਸੀ ਵੱਲੋਂ ਸੀਮਾ ਮਿੱਤਲ ਫਾਊਂਡੇਸ਼ਨ ਦੇ ਕਨਵੈਨਸ਼ਨ ਹਾਲ ਵਿੱਚ ਮੁਫ਼ਤ ਮੈਡੀਕਲ ਕੈਂਪ ਅਤੇ ਰੁੱਖ ਲਗਾਉਣ ਦਾ ਪ੍ਰੋਗਰਾਮ ਆਯੋਜਿਤ ਕੀਤਾ ਗਿਆ। ਮੈਡੀਕਲ ਕੈਂਪ ਵਿੱਚ 100 ਤੋਂ ਵੱਧ ਲੋਕਾਂ ਦੀ ਸਿਹਤ ਜਾਂਚ ਕੀਤੀ ਗਈ ਅਤੇ ਮਰੀਜ਼ਾਂ ਨੂੰ ਡਾਕਟਰੀ ਸਲਾਹ ਦੇ ਨਾਲ ਜ਼ਰੂਰੀ ਦਵਾਈਆਂ ਵੀ ਪ੍ਰਦਾਨ ਕੀਤੀਆਂ ਗਈਆਂ। ਇਸ ਮੌਕੇ 'ਤੇ ਵਾਤਾਵਰਣ ਸੁਰੱਖਿਆ ਦਾ ਸੰਦੇਸ਼ ਦੇਣ ਲਈ "ਮਾਂ ਲਈ ਇੱਕ ਰੁੱਖ" ਮੁਹਿੰਮ ਤਹਿਤ ਗਿਆਰਾਂ ਫਲਦਾਰ ਅਤੇ ਛਾਂਦਾਰ ਰੁੱਖ ਲਗਾਏ ਗਏ। ਸਮਾਗਮ ਨੂੰ ਸੰਬੋਧਨ ਕਰਦਿਆਂ ਸੀਨੀਅਰ ਭਾਜਪਾ ਆਗੂ ਮਨਪ੍ਰੀਤ ਸਿੰਘ ਬੰਨੀ ਸੰਧੂ ਨੇ ਕਿਹਾ ਕਿ ਪ੍ਰਧਾਨ




ਮੰਤਰੀ ਮੋਦੀ ਦੇ ਜਨਮਦਿਨ ਤੋਂ ਹਰੇਕ ਨਾਗਰਿਕ ਨੂੰ ਪ੍ਰੇਰਨਾ ਲੈਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਸਵਦੇਸ਼ੀ ਉਤਪਾਦਾਂ ਦੀ ਵਰਤੋਂ ਪ੍ਰਧਾਨ ਮੰਤਰੀ ਲਈ ਜਨਮਦਿਨ ਦਾ ਸਭ ਤੋਂ ਵੱਡਾ ਤੋਹਫ਼ਾ ਹੈ। ਇਸ ਮੌਕੇ 'ਤੇ ਸੀਨੀਅਰ ਭਾਜਪਾ ਆਗੂ ਸੰਜੀਵ ਖੰਨਾ, ਓਬੀਸੀ ਵਿੰਗ ਪੰਜਾਬ ਦੇ ਉਪ ਪ੍ਰਧਾਨ ਰਵਿੰਦਰ ਵੈਸ਼ਨਵ, ਇੰਡਸਟਰੀ ਐਸੋਸੀਏਸ਼ਨ ਡੇਰਾਬੱਸੀ ਦੇ ਪ੍ਰਧਾਨ ਵਿਜੇ ਮਿੱਤਲ, ਭਾਜਪਾ ਮੰਡਲ ਪ੍ਰਧਾਨ ਸ਼ਹਿਰੀ ਪਵਨ ਧੀਮਾਨ (ਪੰਮਾ), ਭਾਜਪਾ ਮੰਡਲ ਪ੍ਰਧਾਨ ਦਿਹਾਤੀ ਸੁਖਦੇਵ ਰਾਣਾ, ਦਵਿੰਦਰ ਪਾਲ ਪੁੰਡੀਰ, ਹਰਮੇਸ਼ ਗੁਪਤਾ, ਦਿਨੇਸ਼ ਵੈਸ਼ਨਵ, ਸੇਵਾਮੁਕਤ ਪ੍ਰਿੰਸੀਪਲ ਸਾਧਨਾ ਸੈਂਗਰ, ਪ੍ਰੋਫੈਸਰ ਮੀਨੂ, ਆਈ.ਐਸ. ਕਲੇਅਰ, ਬੰਟੀ ਸ਼ਰਮਾ, ਨਿਰਮਲ ਸਿੰਘ ਅਤੇ ਅਮਨ ਪਾਹਵਾ ਸਮੇਤ ਕਈ ਸ਼ਖ਼ਸੀਅਤਾਂ ਹਾਜ਼ਰ ਸਨ।

# ਮੌਕੇ ਦੀਆਂ ਸਰਕਾਰਾਂ ਨੇ ਹੜ੍ਹਾਂ ਨੂੰ ਰੋਕਣ ਲਈ ਅਗਰ ਪਹਿਲਾਂ ਕੋਈ ਪ੍ਰਬੰਧ ਕੀਤੇ ਹੁੰਦੇ ਤਾਂ ਪੰਜਾਬ ਦੇ ਲੋਕਾਂ ਦਾ ਐਨਾ ਵੱਡਾ ਨੁਕਸਾਨ ਨਾ ਹੁੰਦਾ

**●ਖੇਤ ਮਜ਼ਦੂਰ ਜੱਥੇਬੰਦੀਆਂ ਦੇ ਸਾਂਝੇ ਮੋਰਚੇ ਵੱਲੋਂ ਰੋਸ਼ ਪ੍ਰਦਰਸਨ ਕੀਤਾ ਗਿਆ ● ਦੇਸ਼ ਦੇ ਪ੍ਰਧਾਨ ਮੰਤਰੀ ਅਤੇ ਮੁੱਖ ਮੰਤਰੀ ਪੰਜਾਬ ਦੇ ਨਾਮ ਐਸਡੀਐਮ ਰਾਏਕੋਟ ਨੂੰ ਇੱਕ ਮੰਗ ਪੱਤਰ ਸੌਂਪਿਆ ਗਿਆ**

**ਰਾਏਕੋਟ, (ਗੁਰਭਿੰਦਰ ਗੁਰੀ)** : ਪੰਜਾਬ ਦੇ ਕਈ ਜਿਲ੍ਹਿਆ ਵਿੱਚ ਆਏ ਹੜ੍ਹਾਂ ਕਾਰਨ ਭਾਰੀ ਨੁਕਸਾਨ ਹੋਇਆ ਹੈ, ਜਿਸ ਦੇ ਰੋਸ਼ ਵੱਲੋਂ ਅੱਜ ਐਸਡੀਐਮ ਦਫਤਰ ਰਾਏਕੋਟ ਵਿਖੇ ਖੇਤ ਮਜ਼ਦੂਰ ਜੱਥੇਬੰਦੀਆਂ ਦੇ ਸਾਂਝੇ ਮੋਰਚੇ ਵੱਲੋਂ ਰੋਸ਼ ਪ੍ਰਦਰਸਨ ਕੀਤਾ ਗਿਆ ਅਤੇ ਹੜ੍ਹ ਪੀੜਤ ਲੋਕਾਂ ਨੂੰ ਮੁਆਵਜਾ ਦੇਣ ਦੀ ਮੰਗ ਸਬੰਧੀ ਦੇਸ਼ ਦੇ ਪ੍ਰਧਾਨ ਮੰਤਰੀ ਅਤੇ ਮੁੱਖ ਮੰਤਰੀ ਪੰਜਾਬ ਦੇ ਨਾਮ ਐਸਡੀਐਮ ਰਾਏਕੋਟ ਨੂੰ ਇੱਕ ਮੰਗ ਪੱਤਰ ਸੌਂਪਿਆ ਗਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਹਰਪਾਲ ਸਿੰਘ ਮੀਤ ਪ੍ਰਧਾਨ ਕੁਲਹਿੰਦ ਖੇਤ ਮਜ਼ਦੂਰ ਯੂਨੀਅਨ ਪੰਜਾਬ ਨੇ ਦੱਸਿਆ ਕਿ ਪਿਛਲੇ ਦਿਨੀਂ ਪਏ ਭਾਰੀ ਮੀਂਹ ਕਾਰਨ ਪੰਜਾਬ ਦੇ ਕਈ ਜਿਲ੍ਹਿਆ ਵਿੱਚ ਹੜ੍ਹ ਆਉਣ ਕਾਰਨ ਲੋਕਾਂ ਦਾ ਵੱਡਾ ਨੁਕਸਾਨ ਹੋਇਆ, ਜਿਸ ਵਿੱਚ ਜਿੱਥੇ ਲੋਕਾਂ ਦੇ ਮਕਾਨ, ਦੁਕਾਨਾਂ, ਪਸ਼ੂਆਂ ਅਤੇ ਫਸਲਾਂ ਨੂੰ ਵੱਡੀ ਮਾਰ ਪਈ ਹੈ, ਉੱਥੇ 50 ਤੋਂ ਵਧੇਰੇ ਲੋਕਾਂ ਦੀ ਜਾਨ ਵੀ ਗਈ ਹੈ। ਉਨ੍ਹਾਂ ਕਿਹਾ ਕਿ ਮੌਕੇ ਦੀਆਂ ਸਰਕਾਰਾਂ ਨੇ ਹੜ੍ਹਾਂ ਨੂੰ ਰੋਕਣ ਲਈ ਅਗਰ ਪਹਿਲਾਂ ਕੋਈ ਪ੍ਰਬੰਧ ਕੀਤੇ ਹੁੰਦੇ ਤਾਂ ਪੰਜਾਬ ਦੇ ਲੋਕਾਂ ਦਾ ਐਨਾ ਵੱਡਾ ਨੁਕਸਾਨ ਨਾ ਹੁੰਦਾ, ਉਨ੍ਹਾਂ ਕਿਹਾ ਕਿ



ਸਰਕਾਰਾਂ ਨੇ ਹੜ੍ਹ ਆਉਣ ਤੋਂ ਬਾਅਦ ਵੀ ਲੋੜੀਂਦੇ ਪ੍ਰਬੰਧ ਕਰਨ ਵਿੱਚ ਕੋਈ ਤੇਜੀ ਨਹੀਂ ਦਿਖਾਈ, ਜਿਸ ਦਾ ਖਮਿਆਜਾ ਆਮ ਲੋਕਾਂ ਨੂੰ ਭੁਗਤਣਾ ਪਿਆ ਹੈ। ਹਰਪਾਲ ਸਿੰਘ ਨੇ ਮੰਗ ਕੀਤੀ ਕਿ ਹੜ੍ਹਾਂ ਕਾਰਨ ਜਿੱਥੇ ਕਈ ਲੋਕਾਂ ਦੀ ਮੌਤ ਹੋਈ ਹੈ, ਉੱਥੇ ਲੱਖਾਂ ਏਕੜ ਫਸਲ, ਹਜ਼ਾਰਾਂ ਘਰ ਅਤੇ ਪਸ਼ੂਆਂ ਦਾ ਨੁਕਸਾਨ ਹੋਇਆ ਹੈ। ਇਸ ਲਈ ਇੰਨ੍ਹਾਂ ਹੜ੍ਹਾਂ ਨੂੰ ਸਰਕਾਰ ਕੌਮੀ ਆਫਤ ਐਲਾਨੇ ਅਤੇ ਕੌਮੀ ਆਫਤ ਫੰਡ ਜਾਰੀ ਕਰਕੇ ਪੀੜਤ ਲੋਕਾਂ ਦੇ ਮੁੜ ਵਸੇਬੇ ਲਈ ਕਾਰਜ ਸ਼ੁਰੂ ਕਰੇ। ਉਨ੍ਹਾਂ ਕਿਹਾ ਕਿ ਜਿਹੜੇ ਲੋਕਾਂ ਦੀ ਮੌਤ ਹੋਈ ਹੈ, ਉਨ੍ਹਾਂ ਦੇ ਪਰਿਵਾਰਾਂ ਨੂੰ 25 ਲੱਖ, ਮਜ਼ਦਰਾਂ ਦੇ ਤਬਾਹ ਹੋਏ ਘਰਾਂ ਲਈ 15 ਲੱਖ, ਬਾਲੇ ਗਾਡਰਾਂ ਵਾਲੀਆਂ ਛੱਤਾਂ ਬਦਲਣ ਲਈ 5 ਲੱਖ ਦੀ ਗ੍ਰਾਂਟ ਜਾਰੀ ਕਰੇ, ਇਸ ਤੋਂ ਇਲਾਵਾ ਮਰੇ ਪਸ਼ੂਆਂ ਲਈ ਇੱਕ ਲੱਖ ਅਤੇ ਫਸਲਾਂ ਦੇ ਨੁਕਸਾਨ ਦਾ 100 ਫੀਸਦੀ ਮੁਆਵਜਾ ਜਾਰੀ ਕਰੇ। ਪੀੜਤ ਲੋਕਾਂ ਦਾ ਸਾਰਾ ਕਰਜਾ ਮੁਆਫ ਕੀਤਾ ਜਾਵੇ।ਮਜ਼ਦੂਰ ਆਗੂ ਹਰਪਾਲ ਸਿੰਘ ਨੇ ਇਹ ਵੀ ਮੰਗ ਕੀਤੀ ਕਿ ਪਾਣੀ ਜਾਣ ਤੋਂ ਬਾਅਦ ਕਈ ਤਰ੍ਹਾਂ ਦੀਆਂ ਬਿਮਾਰੀਆਂ ਫੈਲਣ ਦਾ ਡਰ ਹੈ, ਜਿਸ ਲਈ ਦਵਾਈਆਂ ਅਤੇ ਡਾਕਟਰਾਂ ਦੀਆਂ ਟੀਮਾਂ ਤੈਨਾਤ ਕਰਨ ਦਾ ਅਗਾਊ ਪ੍ਰਬੰਧ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਸਰਕਾਰ ਦਰਿਆਵਾਂ, ਨਹਿਰਾਂ ਦੇ ਕੰਢਿਆਂ ਅਤੇ ਫਲੱਡ ਗੇਟਾਂ ਦੇ ਪੁਰਾਣੇ ਜਰਜ਼ਰੇ ਹੋ ਚੁੱਕੇ ਢਾਂਚਿਆਂ ਨੂੰ ਨਵਿਆਇਆ ਜਾਵੇ। ਉਨ੍ਹਾਂ ਕਿਹਾ ਕਿ ਜੇਕਰ ਸਰਕਾਰਾਂ ਨੇ ਉਕਤ ਮੰਗਾਂ ਵੱਲ ਧਿਆਨ ਨਾ ਦਿੱਤਾ ਤਾਂ ਉਹ ਸੰਘਰਸ਼ ਕਰਨ ਲਈ ਮਜ਼ਬੂਰ ਹੋਣਗੇ। ਇਸ ਮੌਕੇ ਬਲਵਿੰਦਰ ਸਿੰਘਢ, ਓਮ ਪ੍ਰਕਾਸ਼ ਅਕਾਲਗੜ੍ਹ, ਕਰਨੈਲ ਸਿੰਘ ਜਲਾਲਦੀਵਾਲ, ਲਖਵੀਰ ਸਿੰਘ, ਬਲਵੀਰ ਸਿੰਘ, ਮੁਖਤਿਆਰ ਸਿੰਘ, ਸ਼ਿਆਮ ਸਿੰਘ, ਗੁਰਮੀਤ ਸਿੰਘ, ਜਗਤਾਰ ਸਿੰਘ ਆਦਿ ਤੋਂ ਇਲਾਵਾ ਹੋਰ ਵੀ ਹਾਜ਼ਰ ਸਨ।

# ਕੀ ਮੂੰਹ ਦੀ ਬਦਬੂ ਟੌਨਸਿਲ ਪੱਥਰੀ ਹੋ ਸਕਦੀ ਹੈ ਜਾਂ ਮਾੜੀ ਸਫਾਈ ਨਹੀਂ?

ਜੇਕਰ ਤੁਸੀਂ ਹਰ ਸਵੇਰ, ਆਪਣੇ ਮੂੰਹ ਵਿੱਚੋਂ ਇੱਕ ਬਦਬੂ ਨਾਲ ਉੱਠਦੇ ਹੋ ਜੋ ਬੁਰਸ਼ ਕਰਨ ਤੋਂ ਬਾਅਦ ਵੀ ਰਹਿੰਦੀ ਹੈ। ਇਹ ਤੁਹਾਡੇ ਆਤਮਵਿਸ਼ਵਾਸ ਨੂੰ ਖਤਮ ਕਰਦੀ ਹੈ, ਸਮਾਜਿਕ ਸਥਾਨਾਂ ਵਿੱਚ ਸਵੈ-ਚੇਤੰਨ , ਪ੍ਰੇਸ਼ਾਨ ਕਰਦੀ ਹੈ ਜਿਸ ਕਰਕੇ ਤੁਸੀਂ ਲੋਕਾਂ ਨਾਲ ਗੱਲ ਕਰਨ ਤੋਂ ਝਿਜਲਦੇ ਹੋ ਇਹ ਮੂੰਹ ਦੀ ਬਦਬੂ ਟੌਨਸਿਲ ਪੱਥਰੀ ਹੋ ਸਕਦੀ ਹੈ, ਪਰ ਮਾੜੀ ਸਫਾਈ ਨਹੀਂ।

ਬਹੁਤ ਸਾਰੇ ਲੋਕਾਂ ਲਈ, ਮੂੰਹ ਦੀ ਬਦਬੂ ਮਾੜੀ ਮੂੰਹ ਦੀ ਸਫਾਈ, ਦੰਦਾਂ ਨੂੰ ਸਹੀ ਢੰਗ ਨਾਲ ਬੁਰਸ਼ ਨਾ ਕਰਨ, ਜਾਂ ਲਸਣ ਅਤੇ ਪਿਆਜ਼ ਵਰਗੇ ਭੋਜਨ ਖਾਣ ਨਾਲ ਜੁੜੀ ਹੋਈ ਹੈ। ਪਰ ਸਿਹਤ ਮਾਹਰ ਚੇਤਾਵਨੀ ਦਿੰਦੇ ਹਨ ਕਿ ਕੁਝ ਮਾਮਲਿਆਂ ਵਿੱਚ, ਸਮੱਸਿਆ ਗਲੇ ਦੇ ਪਿਛਲੇ ਪਾਸੇ ਟੌਨਸਿਲ ਪੱਥਰ ਨਾਮਕ ਇੱਕ ਛੋਟੇ ਕੈਲਸੀਫਾਈਡ ਗਠਨ ਕਾਰਨ ਹੁੰਦੀ ਹੈ, ਜਿਸਨੂੰ ਡਾਕਟਰੀ ਤੌਰ 'ਤੇ ਟੌਨਸਿਲ ਪੱਥਰ ਕਿਹਾ ਜਾਂਦਾ ਹੈ। ਇਹ ਪੱਥਰ ਉਦੋਂ ਬਣਦੇ ਹਨ ਜਦੋਂ ਭੋਜਨ ਦਾ ਮਲਬਾ, ਖ਼ਤਮ ਹੋਏ ਸੈੱਲ ਅਤੇ ਬੈਕਟੀਰੀਆ ਟੌਨਸਿਲਾਂ ਦੀਆਂ ਦਰਾਰਾਂ ਵਿੱਚ ਫਸ ਜਾਂਦੇ ਹਨ। ਉਹ ਸਮੇਂ ਦੇ ਨਾਲ ਸਖ਼ਤ ਹੋ ਜਾਂਦੇ ਹਨ ਅਤੇ ਇੱਕ ਤੇਜ਼ ਗੰਧ ਛੱਡਣਾ ਸ਼ੁਰੂ ਕਰ ਦਿੰਦੇ ਹਨ। "ਟੌਨਸਿਲ ਪੱਥਰ ਮੂਲ ਰੂਪ ਵਿੱਚ ਮਲਬਾ ਹੁੰਦੇ ਹਨ ਜੋ ਟੌਨਸਿਲਾਂ ਵਿੱਚ ਅਣਉਚਿਤ ਮੂੰਹ ਦੀ ਸਫਾਈ ਦੇ ਕਾਰਨ ਇਕੱਠੇ ਹੁੰਦੇ ਹਨ, ਕਈ ਵਾਰ ਬੈਕਟੀਰੀਆ ਜਾਂ ਫੰਗਲ ਵਾਧੇ ਦੁਆਰਾ ਵਿਗੜ ਜਾਂਦੇ ਹਨ।

ਟੌਨਸਿਲ ਪੱਥਰੀ ਕਈ ਤਰ੍ਹਾਂ ਦੇ ਲੱਛਣਾਂ ਦੇ ਨਾਲ ਪੇਸ਼ ਆ ਸਕਦੀ ਹੈ, ਜਿਸ ਵਿੱਚ ਸਾਹ ਦੀ ਬਦਬੂ, ਗਲੇ ਵਿੱਚ ਖਰਾਸ਼ ਜਾਂ ਗਲੇ ਵਿੱਚ ਸੋਜ, ਨਿਗਲਣ ਵਿੱਚ ਮੁਸ਼ਕਲ, ਕੰਨ ਵਿੱਚ ਦਰਦ ਅਤੇ ਗਲੇ ਦੇ ਪਿਛਲੇ ਪਾਸੇ ਦਿਖਾਈ ਦੇਣ ਵਾਲੇ ਚਿੱਟੇ ਜਾਂ ਪੀਲੇ ਰੰਗ ਦੇ ਗੰਢ ਸ਼ਾਮਲ ਹਨ। ਪਰ ਵਿਆਕਤੀ ਦੇ ਰੋਗ ਮੁਤਾਬਿਕ ਪੱਥਰੀ ਦਾ ਆਕਾਰ - ਵੱਖਰਾ- ਵੱਖਰਾ ਹੋ ਸਕਦਾ ਹੈ।ਉਹ 0.3 ਗ੍ਰਾਮ ਤੱਕ ਛੋਟੇ



ਹੋ ਸਕਦੇ ਹਨ ਜਾਂ 42 ਗ੍ਰਾਮ ਤੱਕ ਵੱਡੇ ਹੋ ਸਕਦੇ ਹਨ, ਇਹ ਇਸ ਗੱਲ 'ਤੇ ਨਿਰਭਰ ਕਰਦਾ ਹੈ ਕਿ ਉਹ ਕਿੰਨੇ ਸਮੇਂ ਤੋਂ ਬਣ ਰਹੇ ਹਨ। ਵੱਡੇ ਪੱਥਰ ਭੋਜਨ ਦੇ ਰਸਤੇ ਵਿੱਚ ਰੁਕਾਵਟ ਪਾ ਸਕਦੇ ਹਨ ਅਤੇ ਨਿਗਲਣ ਨੂੰ ਮੁਸ਼ਕਲ ਬਣਾ ਸਕਦੇ ਹਨ। "ਤੁਸੀਂ ਬੱਸ ਵਿਚ ਜਾਂ ਦਫਤਰ ਵਿਚ ਕੰਮ ਕਰਦੇ ਸਮੇਂ ਕਿਸੇ ਦੇ ਕੋਲ ਬੈਠ ਹੋ ਤੇ ਤੁਹਾਨੂੰ ਦੂਸਰੇ ਦੇ ਮੂੰਹ ਵਿੱਚੋਂ ਬਦਬੂ ਆ ਰਹੀ ਹੈ ਇਹ ਹਮੇਸ਼ਾ ਬੁਰਸ਼ ਕਰਨ ਬਾਰੇ ਨਹੀਂ ਹੁੰਦਾ; ਅਸਲ ਵਿਚ ਇਹ ਬਦਬ ਇਨ੍ਹਾਂ ਪੱਥਰਾਂ ਚੋਂ ਆਉਂਦੀ ਹੈ।

ਭਹੁਤ ਸਾਰੇ ਉਹ ਲੋਕ ਹੋਣਗੇ ਜਿਹਨਾਂ ਨੇ ਕਦੇ ਟੌਨਸਿਲ ਪੱਥਰੀ ਬਾਰੇ ਨਹੀਂ ਸੁਣਿਆ ਸੀ ਅਤੇ ਅਕਸਰ ਇਹ ਮੰਨਦੇ ਹਨ ਕਿ ਸਾਹ ਦੀ ਬਦਬੂ ਸਿਰਫ਼ ਸਹੀ ਟੁੱਥਪੇਸਟ ਦੀ ਵਰਤੋਂ ਨਾ ਕਰਨ ਜਾਂ ਜੀਭ ਸਾਫ਼ ਕਰਨਾ ਭੁੱਲਣ ਬਾਰੇ ਹੈ। ਦੰਦਾਂ ਦੇ ਡਾਕਟਰ ਅਤੇ ਆਮ ਡਾਕਟਰ ਬਦਬੂ ਦੇ ਬਚਾਅ ਦੀ ਪਹਿਲਾਂ ਇਲਾਜ਼ ਮੂੰਹ ਦੀ ਸਫਾਈ ਦੀ ਸਿਫਾਰਸ਼ ਕਰਦੇ ਹਨ। ਇਸ ਵਿੱਚ ਦਿਨ ਵਿੱਚ ਘੱਟੋ-ਘੱਟ ਦੋ ਵਾਰ ਬੁਰਸ਼ ਕਰਨਾ, ਜੀਭ ਸਾਫ਼ ਕਰਨਾ, ਖੰਡ ਦੀ ਮਾਤਰਾ ਨੂੰ ਘਟਾਉਣਾ ਅਤੇ ਨਿਯਮਤ ਦੰਦਾਂ ਦੀ ਜਾਂਚ ਕਰਵਾਉਣ ਵਾਰੇ ਕਹਿੰਦੇ ਹਨ।ਪਰ ਗੰਭੀਰ ਮਾਮਲਿਆਂ ਵਿੱਚ, ਜਿੱਥੇ ਟੌਨਸਿਲ ਪੱਥਰ ਵੱਡੇ ਹੁੰਦੇ ਹਨ ਜਾਂ ਵਾਰ-ਵਾਰ ਹੁੰਦੇ ਹਨ, ਇੱਕ ਡਾਕਟਰ ਨੂੰ ਉਹਨਾਂ ਨੂੰ ਹੱਥੀ ਹਟਾਉਣ ਦੀ ਲੋੜ ਹੋ ਸਕਦੀ ਹੈ। ਜੇਕਰ ਪੱਥਰੀ ਇਨਫੈਕਸ਼ਨ ਦਾ ਕਾਰਨ ਬਣਦੀ ਹੈ, ਤਾਂ ਐਂਟੀਬਾਇਉਟਿਕਸ ਵੀ ਤਜਵੀਜ਼ ਕੀਤੀ ਜਾਂਦੀ ਹੈ।

ਪਰ ਕਈ ਵਾਰ ਅਸੀਂ ਦੇਸੀ ਦਵਾਇਆਂ ਦੇ ਘਰ ਵਿਚ ਹੀ ਉਪਚਾਰ ਕਰਨਾ ਸ਼ੁਰੂ ਕਰ ਦਿੰਦੇ ਹਾਂ, ਪਰ ਇਸ ਤੋਂ ਪਹਿਲਾਂ ਕਿ ਇਹ ਪਥਰੀ ਦੇ ਰੂਪ ਵਿਚ ਬਹੁਤ ਵੱਡੇ ਹੋ ਕੇ ਇਕ ਰੋਗ ਬਣ ਜਾਣ ਇਸ ਤੋਂ ਪਹਿਲਾਂ ਡਾਕਟਰੀ ਸਲਾਹ ਲੈਣੀ ਮਹੱਤਵਪੂਰਨ ਹੈ, ਇੱਕ ਡਾਕਟਰ ਪੇਸ਼ੇਵਰ ਮੁਲਾਂਕਣ ਕਰ ਸਕਦਾ ਹੈ ਕਿ ਕੀ ਹਟਾਉਣਾ ਜਾਂ ਇਲਾਜ ਜ਼ਰੂਰੀ ਹੈ।

ਜਦੋਂ ਕਿ ਇਸ ਸਥਿਤੀ ਬਾਰੇ ਵਿਆਪਕ ਤੌਰ 'ਤੇ ਚਰਚਾ ਨਹੀਂ ਕੀਤੀ ਜਾਂਦੀ, ਮਾਹਰ ਇਸ ਗੱਲ 'ਤੇ ਜ਼ੋਰ ਦਿੰਦੇ ਹਨ ਕਿ ਇਹ ਮੁਕਾਬਲਤਨ ਆਮ ਹੈ, ਹਾਲਾਂਕਿ ਅਕਸਰ ਮਾੜੀ ਸਫਾਈ ਨੂੰ ਇਸ ਦਾ ਕਸੂਰਵਰ ਠਹਿਰਾ ਦਿੱਤਾ ਜਾਂਦਾ ਹੈ। ਜਦ ਕਿ ਇਹ ਸਿਰਫ਼ ਬੁਰਸ਼ ਕਰਨ ਜਾਂ ਟੁੱਥਪੇਸਟ ਬਾਰੇ ਨਹੀਂ ਹੈ। ਇਹ ਅਜਿਹੀ ਚੀਜ਼ ਹੈ ਜੋ ਬਹੁਤ ਸਾਰੇ ਲੋਕਾਂ ਨੂੰ ਬਿਨਾਂ ਸਮਝੇ ਹੋ ਸਕਦੀ ਹੈ।

ਮਾਹਰ ਦੱਸਦੇ ਹਨ, ਟੌਨਸਿਲ ਪੱਥਰਾਂ ਬਾਰੇ ਜਾਣੂ ਹੋਣਾ ਅਤੇ ਚੰਗੀ ਮੂੰਹ ਦੀ ਦੇਖਭਾਲ ਦਾ ਅਭਿਆਸ ਕਰਨਾ ਬਹੁਤਿਆਂ ਨੂੰ ਮੂੰਹ ਦੀ ਬਦਬੂ ਦੇ ਕਲੰਕ ਤੋਂ ਬਚਾ ਸਕਦੀ ਹੈ।



**ਸੁਰਜੀਤ ਸਿੰਘ ਫਲੋਰਾ**

# ਮੇਰੇ ਚੰਦ ਸ਼ਬਦ ਉਹਦੇ ਨਾਮ...

ਕਦੇ ਸੋਚਿਆ ਸੀ ਮੈਂ ਵੀ ਕੁਝ ਲਿਖਾਂ,
ਪਰ.......... ਲਿਖਾਂਗਾ ਕੀ ?
ਹੋਵੇਗਾ ਮੇਰੀ ਲਿਖਤ ਦਾ ਕਿਹੜਾ "ਨਾਮ "
ਮੇਰੇ ਚੰਦ ਸ਼ਬਦ ਉਹਦੇ ਨਾਮ...

ਹਰ ਇਨਸਾਨ ਦੀ ਜ਼ਿੰਦਗੀ ਵੀ ਸ਼ਇਦ ਇਕ ਡਾਇਰੀ ਵਰਗੀ ਹੈ, ਜਿਸ 'ਚ ਉਸਦੇ ਜਜਬਾਤ ਹਨ੍ਹੇਰੇ 'ਚ ਗੁੰਮ ਹੋ ਜਾਂਦੇ ਹਨ, ਬਹੁਤੇ ਉਨ੍ਹਾਂ ਗੁੰਮ ਹੋਏ ਹਰਫ਼ਾਂ 'ਚ ਆਪਣੀ ਪਛਾਣ ਖੁਦ ਹੁੰਦੇ ਨੇ ਸ਼ਇਦ ਲ ਬੜਾ ਲੰਮਾ ਸਫ਼ਰ ਤੈਅ ਕੀਤਾ ਹੁੰਦਾ ਹੈ, ਆਪਣੀ ਜ਼ਿੰਦਗੀ 'ਚ। ਧੰਨ ਨੇ ਜੋ ਬੇਸ਼ੁਮਾਰ ਲਿਖਦੇ ਨੇ, ਲਿਖਣਾ ਕੋਈ ਸੌਖਾ ਨਹੀਂ, ਦਿਨ-ਰਾਤ ਇਕ ਕਰਕੇ ਕਾਗਜ ਦੇ ਸੀਨੇ ਫਾੜਨੇ ਕੋਈ ਸੌਖਾਲਾ ਕੰਮ ਨੀਂ। ਪਰ ਜਦੋਂ ਉਨ੍ਹਾਂ ਦੀ ਬਦੌਲਤ ਜਿੰਦਗੀ ਦੇ ਰਹੱਸ, ਗੁੰਮ ਹੋਏ ਸ਼ਬਦਾਂ ਦਾ ਸਕੂਨ ਨਸੀਬ ਹੁੰਦਾ ਹੈ ਤਾਂ ਖੁਸ਼ੀ ਦੁੱਗਣੀ ਹੋ ਜਾਂਦੀ ਹੈ।

ਮੈ ਇਕ ਅਜਿਹੇ ਸਖਸ਼ੀਅਤ ਬਾਰੇ ਲਿਖਣ ਜਾ ਰਿਹਾ, ਜਿਸ ਨਾਲ ਅਜੇ ਬਹੁਤਾ ਸਮਾਂ ਤਾਂ ਨਹੀਂ ਹੋਇਆ ਮਿਲਣ ਦਾ ਪਰ ਇਤਫ਼ਾਕ ਬੜਾ ਗਹਿਰਾ ਹੈ ਲ  ਉਸਦੀ ਮਿਸਾਲ ਸ਼ਬਦਾਂ 'ਚ ਬਿਆਨ ਨਹੀਂ ਕੀਤੀ ਜਾ ਸਕਦੀ। ਉਨ੍ਹਾਂ ਦਾ ਹਸਮੁੱਖ ਚੇਹਰਾ, ਮਿਠਾਸ ਭਰੀ ਬੋਲੀ ਜਿਉਂ ਸ਼ਹਿਦ ਡੁਲ੍ਹਦਾ ਹੋਵੇ, ਗੱਲ-ਗੱਲ 'ਚ ਹਸਣਾ ਕਿਸੇ-ਕਿਸੇ ਦੇ ਨਸੀਬ ਹੁੰਦਾ। ਸਭ ਨੂੰ ਇਸ ਤਰਾਂ ਮਿਲਣਾ ਜਿਵੇਂ ਸਦੀਆਂ ਤੋਂ ਜਾਣ-ਪਹਿਚਾਣ ਹੋਵੇ, ਜਿਵੇ ਮੈ ਮਿਲਿਆ। ਇਸ ਪਿੱਛੇ ਵੀ ਬਹੁਤ ਵੱਡਾ ਇਕ ਜਰੀਆ ਹੈ।

ਬਹੁਤਾ ਸਮਾਂ ਤਾਂ ਨੀਂ ਬੀਤੀਆ, ਕੁਝ ਕੁ ਦਿਨਾਂ ਦੀ ਗੱਲ ਹੈ, ਮੈ ਫੇਸਬੁੱਕ ਤੇ ਸ਼ਿਵਾਨੀ ਚੌਧਰੀ ਦੀਆਂ ਲਿਖਤਾਂ ਪੜ੍ਹ ਰਿਹਾ ਸੀ, ਪਰਤਾਂ



ਖੁਲਦੀਆਂ ਗਈਆਂ, ਮੈਨੂੰ ਲਗਾ ਕੇ ਮੇਰਾ ਅੰਦਰ ਵੀ ਇਕ ਵਾਰ ਫਿਰ ਲਿਖਣ ਨੂੰ ਜਾਗ ਪਿਆ, ਜੋ ਲੰਮੇ ਸਮੇਂ ਤੋਂ ਸੁੱਤਾ ਹੋਇਆ ਸੀ। ਮੈ ਵੀ ਹਿੰਮਤ ਕਰਕੇ ਸ਼ਿਵਾਨੀ ਨੂੰ ਆਖਤਾ, ਮੈਂ ਵੀ ਲਿਖਦਾਂ, ਅੱਗੋਂ ਜਵਾਬ ਸੀ ਫਿਰ ਤੁਸੀ ਛਪਵਾਂਦੇ ਓ, ਮੇਰਾ ਜਵਾਬ ਸੀ ਇਨ੍ਹਾਂ ਬਸ, "ਨਾਹ ਜੀ ", ਫਿਰ ਕੀ ਸੀ, ਇਕ ਹਲਾਸ਼ੇਰੀ ਅਖੇ ਮੈ ਤੁਹਾਨੂੰ ਸਰਦਾਰ ਬਲਦੇਵ ਸਿੰਘ ਬੇਦੀ ਜੀ ਦਾ ਸੰਪਰਕ ਨੰਬਰ ਦੇਂਦੀ ਹਾਂ, ਗੱਲ ਕਰ ਲਿਓਂ, ਬਸ ਫਿਰ ਮੇਰਾ ਲਿਖਣ ਤੋਂ ਛਪਣ ਦਾ ਕੰਮ ਸ਼ੁਰੂ। ਜੋ ਕਦੇ ਸੁਪਨਾ ਹੀ ਬਣ ਕੇ ਰਹਿ ਗਿਆ ਸੀ।

ਬਸ ਫੇਰ ਮੇਰੀ ਮੁਲਾਕਾਤ ਨੇਕ ਸਖਸ਼ੀਅਤ ਸਰਦਾਰ ਬਲਦੇਵ ਸਿੰਘ ਬੇਦੀ ਜੀ ਹੁਣਾ ਨਾਲ ਮੋਬਾਈਲ ਜਰੀਆ ਹੋਈ। ਮਿਲਿਆ ਨਹੀਂ, ਪਰ ਦਿਲ ਕਰਦਾਂ ਉਡਕੇ ਮਿਲ ਲਵਾਂ, ਕੋਈ ਫਗਵਾੜਾ ਤੋਂ ਜਲੰਧਰ ਦੂਰ ਨਹੀਂ । ਇਸ ਨੇਕ ਇਨਸਾਨ ਦੀ ਕੀ ਸਿਫਤ ਕਰਾਂ, ਸ਼ਬਦ ਨਹੀਂ ਹੈ ਜਾਂ ਫਿਰ ਥੋੜੇ ਨੇ, ਬਸ ਖੂਬ ਲਿਖੋ ਤੇ ਵਧੀਆ ਲਿਖੋ, ਅੱਜ ਇਨ੍ਹਾਂ ਦੀ ਹੀ ਬਦੋਲਤ ਹੈ।

ਉਨ੍ਹਾਂ ਮੇਰੀ ਪਹਿਲੀ ਕਵਿਤਾ "ਤੇਰੇ ਤੋਂ ਮੇਰੇ ਤਕ ਦਾ ਸਫ਼ਰ " ਨੂੰ ਛਪਵਾਕੇ ਮੇਰੇ ਸਫ਼ਰ ਦੀ ਸ਼ੁਰੂਆਤ ਕੀਤੀ, ਜੋ ਅੱਜ ਵੀ ਨਿਰੰਤਰ ਜਾਰੀ ਹੈ । ਇਕ ਗੁਣਾਂ ਦਾ ਖਜਾਨਾ, ਬਹੁਤ ਸਖ਼ਤ ਮੇਹਨਤ, ਦਿਨ ਰਾਤ ਇਕ ਕਰਕੇ ਆਪਣੇ ਇਸ ਕਾਰਜ ਸਫ਼ਰ ਨੂੰ ਨਵੇਂ ਅੰਦਾਜ 'ਚ ਬਿਆਨ ਕਰ ਰਹੇ ਹਨ ਲ

ਸਭ ਤੋਂ ਵਡ੍ਹੀ ਗੱਲ ਕੇ ਬੇਦੀ ਜੀ ਦੀ ਬੇਟੀ ਪਲਕਪ੍ਰੀਤ ਕੌਰ ਵੀ ਇਕ ਵਧੀਆ ਲਿਖਾਰਨ ਹੈ ਅਕਸਰ ਮੈ ਪੜ੍ਹਦਾ ਹਾਂ । ਇਹ ਧੀ ਵੀ ਆਪਣੇ " ਗ੍ਰੇਟ ਪਾਪਾ " ਦੀ ਦਿਸ਼ਾ 'ਚ ਆਪਣਾ ਨਾਮ ਕਮਾ ਰਹੀ ਹੈ, ਇਸ ਧੀ ਨੂੰ ਵੀ ਬਹੁਤ ਬਹੁਤ ਸ਼ੁੱਭ ਕਾਮਨਾਵਾਂ, ਤਰੱਕੀਆਂ ਬਖਸ਼ੇ ਪ੍ਰਮਾਤਮਾ, ਇਸ ਨਕਸ਼ੇ ਕਦਮਾਂ ਤੇ ਚਲਣਾ ਉਹ ਵੀ ਛੋਟੀ ਉਮਰੇ ਕੋਈ ਸੁਖਾਲਾ ਨਹੀਂ ਹੈ ਉਹ ਵੀ ਅੱਜ ਦੇ ਦੌਰ ਵਿੱਚ ਜਦੋਂ ਹਰ ਬੱਚਾ ਮੋਬਾਈਲ 'ਚ ਖੁਬਿਆ ਹੈ।

ਪਰਮਾਤਮਾ ਸਾਰੇ ਪਰਿਵਾਰ ਨੂੰ ਚੜ੍ਹਦੀਕਲਾ ਬਖ਼ਸ਼ੇ ਤੇ ਸਾਨੂੰ ਦੂਰ ਬੈਠਿਆ ਨੂੰ ਠੰਡੀਆਂ ਹਵਾਵਾਂ ਸੀਨੇ ਠਾਰਦੀਆਂ ਰਹਿਣ। ਸ਼ਾਲਾ ਇਹ ਸਖਸ਼ੀਅਤ ਇਕ ਤਾਰੇ ਦੀ ਚਮਕ ਵਾਂਗ ਸਾਡੇ ਲਿਖਣ ਨੂੰ ਰੁਸ਼ਨਾਉਂਦੇ ਰਹਿਣ। ਮੇਰੀ ਤੇ ਬਾਕੀ ਸਾਰੇ ਰੱਬ ਵਰਗੇ ਲਿਖਾਰੀਆਂ ਵਲੋਂ ਇਸ ਮਹਾਨ ਸਖਸ਼ੀਅਤ ਨੂੰ ਢੇਰ ਸਾਰੀਆਂ ਸ਼ੁਭਕਾਮਨਾਵਾਂ।

( ਮੇਰੀ ਡਾਇਰੀ  "ਹਨ੍ਹੇਰੇ 'ਚ ਗੁੰਮ ਹਰਫ਼ 'ਚੋਂ" )



**ਭੁਪਿੰਦਰ ਸਿੰਘ ਸਿਆਣ**
**ਫਗਵਾੜਾ**

# ਟੂਰ ਦੀ ਇੱਕ ਗੱਲ

ਦਾਰੂ ਪੀਣ ਦੇ ਬਹੁਤ ਨੁਕਸਾਨ ਗਿਣਵਾਏ ਜਾਂਦੇ ਹਨ।  ਪਰ ਇਸਦੇ ਕੁਝ ਕਿੱਸੇ ਯਾਦਗਾਰੀ ਹੋ ਨਿਬੜਦੇ ਹਨ। ਵੀਹਵੀਂ ਸਦੀ ਦੇ ਅਖੀਰਲੇ ਸਾਲਾਂ ਵਿੱਚ ਅਸੀਂ ਸਕੂਲੀ ਬੱਚੀਆਂ ਦਾ ਇੱਕ ਟੂਰ ਲੈਕੇ ਜੈਸਲਮੇਰ ਰਾਜਸਥਾਨ ਘੁੰਮਣ ਗਏ। ਅੱਗੇ ਅਸੀਂ ਰੇਤਲਾ ਇਲਾਕਾ ਵੇਖਣ ਚਲੇ ਗਏ ਜਿਸਨੂੰ ਸ਼ਾਇਦ ਡਿਊਨਜ ਕਹਿੰਦੇ ਹਨ। ਉਹ ਹਜ਼ਾਰਾਂ ਕਿਲੋਮੀਟਰ ਚ ਫੈਲਿਆ ਰੇਤਲਾ ਇਲਾਕਾ ਹੈ ਤੇ ਵੇਖਣਯੋਗ ਹੈ। ਇਹ ਇਲਾਕਾ ਪੋਖਰਨ ਦੇ ਨੇੜੇ ਹੈ ਜਿੱਥੇ ਭਾਰਤ ਨੇ ਪ੍ਰਮਾਣੂ ਧਮਾਕੇ ਕੀਤੇ ਸਨ। ਉੱਥੇ ਲੋਕ ਹਜ਼ਾਰਾਂ ਦੀ ਤਾਦਾਦ ਵਿੱਚ ਊਠ ਲੈਕੇ ਆਉਂਦੇ ਹਨ ਅਤੇ ਉਹ ਊਠਾਂ ਤੇ ਯਾਤਰੀਆਂ ਨੂੰ ਘੁੰਮਾਉਂਦੇ ਹਨ। ਇਹ ਓਹਨਾ ਦਾ ਰੋਜਗਾਰ ਹੈ। ਉਥੇ  ਸਰਕਾਰ ਵੱਲੋਂ ਸੁਰੱਖਿਆ ਦੇ ਨਾਮ ਤੇ ਦੋ ਸਿਪਾਹੀ ਡਿਊਟੀ ਤੇ ਤਾਇਨਾਤ ਸਨ। ਸ਼ਾਮ ਦਾ ਵੇਲਾ ਸੀ ਮੈੱਸ ਠੇਕੇਦਾਰ ਦੇਵ ਰਾਜ ਸਭ ਲਈ ਡਿਨਰ ਤਿਆਰ ਕਰ ਰਿਹਾ ਸੀ। ਪ੍ਰਿੰਸੀਪਲ ਸੈਣੀ ਆਪਣੇ ਨਾਲ ਗਏ ਦੋਸਤ ਡਾਕਟਰ ਲੂਚੇ ਅਤੇ ਐਕਸੀਅਨ ਬਿਜਲੀ ਬੋਰਡ ਮਿਸਟਰ ਗਰੇਵਾਲ ਨਾਲ ਸ਼ਰਾਰਤ ਯੁਕਤ ਤਰਲ ਕੈਮੀਕਲ ਦਾ ਸੇਵਨ ਕਰ ਰਹੇ ਸਨ। ਦੂਜੇ ਨੰਬਰ ਦੀ ਸਰਕਾਰ ਨੇ ਬੱਚੀਆਂ ਲਈ ਕੈਂਪ ਫਾਇਰ ਦਾ ਪ੍ਰਬੰਧ ਕਰਵਾਕੇ ਉਥੇ ਕੰਜਰਲ (ਸੌਰੀ ਕਲਚਰਲ) ਪ੍ਰੋਗਰਾਮ ਸ਼ੁਰੂ ਕਰਵਾ ਦਿੱਤਾ। ਅਨਭੋਲ ਬੱਚੀਆਂ ਨੂੰ ਨੱਚਦੇ ਟੱਪਦੇ ਦੇਖਕੇ ਉਥੋਂ ਦੀ ਭੀੜ ਤਮਾਸ਼ਬੀਨ ਬਣਕੇ ਪ੍ਰੋਗਰਾਮ



ਵੇਖਣ ਲੱਗੀ। ਪ੍ਰਿੰਸੀਪਲ ਸਾਹਿਬ ਤੇ ਤਰਲ ਪਦਾਰਥ ਦਾ ਉਲਟਾ ਅਸਰ ਹੋ ਗਿਆ। ਉਹ ਭੀੜ ਤੋਂ ਡਰ ਗਏ। ਉਹਨਾਂ ਬੱਚੀਆਂ  ਨੂੰ ਬੱਸ ਵਿੱਚ ਜਾਣ ਦਾ ਹੁਕਮਨਾਮਾ ਜਾਰੀ ਕਰ ਦਿੱਤਾ। ਅੱਧਰਿੜੀਆਂ ਦਾਲਾਂ, ਸਬਜ਼ੀਆਂ ਦੇ ਪਤੀਲੇ ਚੁੱਲ੍ਹੇ ਤੋਂ ਉਤਾਰਕੇ ਬੱਸ ਦੀ ਛੱਤ ਤੇ ਰਖਵਾਏ ਗਏ।  ਠੇਕੇਦਾਰ ਨੇ ਚੁੱਲ੍ਹੇ ਵਿੱਚ ਮੱਚਦੀਆਂ ਲੱਕੜਾਂ ਨੂੰ ਵੀ ਪਾਣੀ ਨਾਲ ਬੁਝਾਕੇ ਬੱਸ ਦੀ ਛੱਤ ਤੇ ਰੱਖ ਲਿਆ। ਨਾਲ ਗਏ ਦਰਜ਼ਾ ਚਾਰ ਕਰਮਚਾਰੀਆਂ ਦੇ ਹੱਥਾਂ ਵਿੱਚ ਹਾਕੀਆਂ ਫੜਾਕੇ ਪੂਰਾ ਮੁਸਤੈਦ ਕਰ ਦਿੱਤਾ ਗਿਆ ਤੇ ਸੰਭਾਵੀ ਹਮਲੇ ਦਾ ਡੱਟਕੇ ਮੁਕਾਬਲਾ ਕਰਨ ਦੇ ਆਦੇਸ਼ ਜ਼ਾਰੀ ਦਿੱਤੇ। ਤਰਲ ਪਦਾਰਥ ਦੇ ਅਸਰ ਨਾਲ ਵੱਡੇ ਸਾਹਿਬ ਇੰਨਾਂ ਡਰ ਗਏ ਕਿ ਉਹਨਾਂ ਨੇ ਆਪਣੀ ਕਾਰ ਬੱਸ ਦੇ ਪਿੱਛੇ ਲਾਉਣੀ ਬੇਹਤਰ ਸਮਝੀ ਤਾਂਕਿ ਅੱਗੇ ਕੋਈ ਰਾਹ ਰੋਕਕੇ ਖੜਾ ਹਮਲਾ ਨਾ ਕਰ ਦੇਵੇ।  ਹੁਣ ਬੱਸ ਪਿੱਛੇ ਸਾਹਿਬ ਦੀ ਕਾਰ ਸੀ। ਮੌਕੇ ਤੇ ਡਾਕਟਰ ਲੂਚੇ ਨੂੰ ਪ੍ਰੈਸ਼ਰ ਬਣ ਗਿਆ। ਮੂਤਰ ਪੈਂਟ ਗਿੱਲੀ ਕਰਨ ਨੂੰ ਤਿਆਰ ਸੀ। ਹੁਣ ਕਾਰ ਨੂੰ ਬੱਸ ਪਿੱਛੇ ਰੋਕਣਾ ਵੀ ਖਤਰੇ ਤੋਂ ਖਾਲੀ ਨਹੀਂ ਸੀ। ਫਿਰ ਕਾਰ ਨੂੰ ਬੱਸ ਕਰਾਸ ਕਰਵਾਈ ਗਈ। ਡਾ ਲੂਚੇ ਨੇ ਸੜ੍ਹਕ ਹੀ ਗਿੱਲੀ ਕਰ ਦਿੱਤੀ ਤੇ ਗੂਰੂ ਗੂਰੂ ਕਰਦਾ ਸਾਡਾ ਕਾਫਲਾ ਜੈਸਲਮੇਰ ਵਿੱਚ ਸਾਡੇ ਠਿਕਾਣੇ ਵਾਲੇ ਹੋਟਲ ਤੇ ਪਹੁੰਚਿਆ। ਪ੍ਰਬੰਧਕਾਂ ਦੀ ਦਲੇਰੀ ਵੇਖਕੇ ਮੇਰੇ ਵਰਗੇ ਸੌਂਫੀ ਅਤੇ ਬੱਚੇ ਅੰਦਰੋਂ ਅੰਦਰੀ ਹੱਸ ਰਹੇ ਸਨ। ਦੇਰ ਰਾਤ ਤੱਕ ਬੱਚੇ ਇਸ ਬਹਾਦਰੀ ਦੀਆਂ ਗੱਲਾਂ ਕਰਦੇ ਰਹੇ ਉਂਜ ਗਿਆਰਵੀਂ ਬਾਰ੍ਹਵੀਂ ਦੇ ਬੱਚੇ ਜੁਆਕ ਨਹੀਂ ਹੁੰਦੇ।



**ਰਮੇਸ਼ ਸੇਠੀ ਬਾਦਲ**

# ਤਿਉਹਾਰਾਂ ਦੇ ਦਿਨਾਂ ਵਿੱਚ ਜ਼ਹਿਰਾਂ ਨੂੰ ਕਹੋ ਬਾਏ ਬਾਏ !

ਬੀਤੇ ਦਿਨੀ ਲਾਗਲੇ ਪਿੰਡ ਬੋਪਾਰਾਏ ਕਲਾਂ (ਲੁਧਿਆਣਾ ) ਵਿੱਚ ਸਿਹਤ ਵਿਭਾਗ ਵੱਲੋਂ ਛਾਪਾ ਮਾਰ ਕੇ ਮਿਲਾਵਟੀ ਮਠਿਆਈਆਂ, ਅਤੇ ਪਨੀਰ ਦੀ ਚੈਕਿੰਗ ਕਰਨ ਸਬੰਧੀ ਵੀਡੀਓ ਵਾਇਰਲ ਹੋਈ ਹੈ। ਦੱਸਿਆ ਜਾਂਦਾ ਹੈ ਕਿ ਇਹ ਮਸ਼ਹੂਰ ਦੁਕਾਨ ਹੈ ਤੇ ਆਸ ਪਾਸ ਪਿੰਡਾਂ ਵਾਲੇ ਮਠਿਆਈਆਂ ,ਦੁੱਧ ਅਤੇ ਪਨੀਰ ਖ਼ਰੀਦਦੇ ਹਨ। ਭਾਵੇਂ ਕਿ ਸਿਹਤ ਵਿਭਾਗ ਦੀ ਟੀਮ ਨੇ ਮੌਕੇ ਪਰ ਕੋਈ ਪੁਸ਼ਟੀ ਨਹੀਂ ਕੀਤੀ ਹੈ ਪਰ ਵੀਡੀਓ ਵਿੱਚ ਸਾਫ਼ ਪਤਾ ਲੱਗਦਾ ਹੈ ਕਿ ਸਾਰੀ ਸਮੱਗਰੀ ਨਕਲੀ ਅਤੇ ਸਿੰਥੇਟਿਕ ਹੈ।

ਇਸ ਤੋਂ ਪਹਿਲਾਂ ਕਸਬਾ ਮੁੱਲਾਂਪੁਰ ਵਿੱਚ ਵੀ ਫਲਾਂ ਅਤੇ ਮਠਿਆਈਆਂ ਦੀਆਂ ਦੁਕਾਨਾਂ ਦੀਆਂ ਦੁਕਾਨਾਂ ਦੀ ਚੈਕਿੰਗ ਹੋਈ ਸੀ। ਕੋਈ ਪਤਾ ਨਹੀਂ ਕਿ ਕੀ ਹੋਇਆ ? ਕਿਸ ਦੁਕਾਨਦਾਰ ਦਾ ਮਾਲ ਖਰਾਬ ਸੀ ? ਕਿਸ ਨੂੰ ਜੁਰਮਾਨਾ ਹੋਇਆ ? ਮੈਂ ਉਦੋਂ ਵੀ ਇੱਕ ਸਵਾਲ ਕੀਤਾ ਸੀ ਕਿ ਲੋਕ ਹੁਣ ਨਿਸ਼ਚਿੰਤ ਹੋ ਜਾਣ ਕਿ ਹੁਣ ਸਭ ਅੱਛਾ ਹੈ ? ਕਿਉਂਕਿ ਅੱਗੇ ਤਿਉਹਾਰ ਆ ਰਹੇ ਹਨ।

ਇਸ ਘਟਨਾ ਤੋਂ ਜ਼ਾਹਰ ਹੁੰਦਾ ਹੈ ਕਿ ਜਦੋਂ ਇੱਕ ਪਿੰਡ ਵਿੱਚ ਮਠਿਆਈਆਂ ਦੀ ਦੁਕਾਨ ਤੇ ਨਕਲੀ ਮਠਿਆਈਆਂ, ਅਤੇ ਪਨੀਰ ਦੀ ਵਿਕਰੀ ਹੁੰਦੀ ਹੈ ਤਾਂ ਕੀ ਸ਼ਹਿਰਾਂ ਵਿੱਚ ਕਿਉਂ ਨਹੀਂ ਹੋਵੇਗੀ ਜਿੱਥੇ ਕਿ ਦੁਕਾਨਦਾਰਾਂ ਦੇ ਖ਼ਰਚੇ ਵੀ ਵੱਧ ਹਨ । ਇਹ ਛਾਪੇਮਾਰੀ ਇੱਕ ਕੰਪਲੇਟ ਤੇ ਹੋਈ ਹੈ । ਜਿੱਥੇ ਕੋਈ ਕੰਪਲੇਂਟ ਨਹੀਂ ਕਰਦਾ ਉੱਥੇ ਕੀ ਕੁੱਝ ਹੁੰਦਾ ਹੋਵੇਗਾ ? ਮਨੁੱਖ ਏਨਾ ਗਿਰ ਗਿਆ ਹੈ ਕਿ ਮੁਨਾਫ਼ੇ ਲਈ ਮਨੁੱਖੀ ਜੀਵਨ ਵਿੱਚ ਜ਼ਹਿਰ ਘੋਲ ਰਿਹਾ ਹੈ। ਜਦਕਿ ਉਸ ਨੂੰ ਇਹ ਵੀ ਪਤਾ ਹੈ ਕਿ ਕਿਤੇ ਨਾ ਕਿਤੇ ਇਹ ਜ਼ਹਿਰ ਉਸਦੇ ਰਿਸ਼ਤੇਦਾਰ ਅਤੇ ਮਿੱਤਰ ਵੀ ਖਾ ਰਹੇ ਹੋਣਗੇ।



ਹੁਣ ਤਿਉਹਾਰਾਂ ਦਾ ਸੀਜ਼ਨ ਹੈ । ਇਹਨਾਂ ਤਿਉਹਾਰਾਂ ਵਿੱਚ ਲੋਕ ਮਠਿਆਈਆਂ ਦੇ ਤੋਹਫ਼ੇ ਵੰਡਦੇ ਹਨ। ਪਰ ਇਹ ਹਾਲਾਤ ਇਹ ਹੋ ਗਏ ਹਨ ਹਰ ਸਭ ਮਿਲਾਵਟੀ ਹੈ । ਜਿੱਥੇ ਵੀ ਕਿਤੇ ਰੱਬ ਸਬੱਬੀਂ ਸਿਹਤ ਵਿਭਾਗ ਵੱਲੋਂ ਛਾਪੇਮਾਰੀ ਕੀਤੀ ਜਾਂਦੀ ਹੈ ਉੱਥੇ ਹੀ ਸੱਭ ਕੁੱਝ ਨਕਲੀ ਪਾਇਆ ਜਾਂਦਾ ਹੈ।

ਹਾਲਾਤ ਇਹ ਹੋ ਗਏ ਹਨ ਹਰ ਦੁਕਾਨ ਤੇ ਦੁੱਧ,ਪਨੀਰ ਅਤੇ ਮਠਿਆਈਆਂ ਮਿਲਾਵਟੀ ਹੀ ਦਿਖਾਈ ਦੇ ਰਹੀਆਂ ਹਨ। ਅਤੇ ਇਸ ਧੰਦੇ ਨਾਲ ਜੁੜੇ ਜ਼ਿਆਦਾਤਰ ਕਾਰੋਬਾਰੀਆਂ ਵਿੱਚ ਬੇਈਮਾਨ ਜ਼ਮੀਰ ਦੀ ਛਵੀ ਝਲਕਦੀ ਨਜ਼ਰ ਆਉਂਦੀ ਹੈ।

ਮੁਨਾਫ਼ੇ ਦੇ ਬਾਜ਼ਾਰ ਵਿੱਚ ਮਨੁੱਖੀ ਜ਼ਿੰਦਗੀਆਂ ਨਾਲ ਖੇਡ ਰਹੇ ਇਹ ਮਿਲਾਵਟਖੋਰ ਸਮਾਜ ਦੇ ਮੱਥੇ ਤੇ ਕਲੰਕ ਤਾਂ ਹਨ ਪਰ ਇਹਨਾਂ ਨੂੰ ਸ਼ਰਮ ਕੋਈ ਨਹੀਂ । ਮਿਲਾਵਟੀ ਖਾਧ ਪਦਾਰਥਾਂ ਦੇ ਅੰਕੜਿਆਂ ਨੂੰ ਜੇਕਰ ਵਾਚਿਆ ਜਾਵੇ ਤਾਂ ਪਤਾ ਲੱਗਦਾ ਹੈ ਕਿ ਮਿਲਾਵਟਖੋਰੀ ਕੌੜੀ ਵੇਲ ਦੇ ਵੱਧਣ ਵਾਂਗ ਦਿਨੋ-ਦਿਨ ਵਧਦੀ ਜਾ ਰਹੀ ਹੈ ।ਪਰ ਇਸ ਦੀ ਰੋਕਥਾਮ ਦੀ ਪ੍ਰਕਿਰਿਆ ਘਟਦੀ ਜਾ ਰਹੀ ਹੈ।

ਕਹਿੰਦੇ ਹਨ ਕਿ ਸੌ ਹੱਥ ਰੱਸਾ ਸਿਰੇ ਤੇ ਗੰਢ ..ਮਿਲਾਵਟਖੋਰੀ ਦਾ ਦੂਰ - ਦੂਰ ਤੱਕ ਕੋਈ ਹੱਲ ਹੁੰਦਾ ਨਜ਼ਰ ਨਹੀਂ ਆ ਰਿਹਾ ਹੈ ਤਾਂ ਇਸ ਮੰਜ਼ਰ ਵਿੱਚ ਸਾਨੂੰ ਮਿਲਾਵਟੀ ਖਾਧ ਪਦਾਰਥਾਂ ਤੋਂ ਦੂਰੀ ਬਣਾ ਕੇ ਰੱਖਣ ਵਿੱਚ ਹੀ ਭਲਾਈ ਹੈ ।

ਇਸ ਦਾ ਬਦਲ ਸੁੱਕੇ ਮੇਵੇ ਜਾਂ ਫਲ ਹੋ ਸਕਦੇ ਹਨ ।ਆਪਣੀ ਗੁੰਜਾਇਸ਼ ਮੁਤਾਬਕ ਇਸ ਦੀ ਚੋਣ ਕੀਤੀ ਜਾ ਸਕਦੀ ਹੈ ।ਜੋ ਮਠਿਆਈਆਂ ਤੋਂ ਕਿਤੇ ਜ਼ਿਆਦਾ ਵਧੀਆ ਹਨ। ਆਓ ਜ਼ਹਿਰਾਂ ਤੋ ਬਚਣ ਲਈ ਮਿਲਾਵਟੀ ਖਾਧ ਪਦਾਰਥਾਂ ਤੋਂ ਪਰਹੇਜ਼ ਕਰੀਏ।



**ਜਗਤਾਰ ਸਿੰਘ ਹਿੱਸੋਵਾਲ**

# ਅੱਖ ਦੀ ਸ਼ਰਮ ਤੇ ਘੁੰਡ

ਮੇਰੀ ਮਾਂ ਤੇ ਚਾਚੀ ਜੀ ਮੇਰੇ ਦਾਦਾ ਜੀ ਕੋਲੋਂ ਘੁੰਡ ਕੱਢਦੀਆਂ ਸਨ। ਮੇਰੀ ਚਾਚੀ ਜੀ ਤਾਂ ਪਾਪਾ ਜੀ ਕੋਲ਼ੋਂ ਵੀ ਪੱਲਾ ਕਰਦੇ ਸਨ। ਘੁੰਡ ਦਾ ਮਤਲਬ ਇਕੱਲਾ ਘੁੰਡ ਨਹੀਂ ਸੀ ਹੁੰਦਾ। ਉਹ ਦਾਦਾ ਜੀ ਨਾਲ ਕਦੇ ਅੱਖ ਮਿਲਾਕੇ ਗੱਲ ਵੀ ਨਹੀਂ ਸੀ ਕਰਦੀਆਂ ਤੇ ਦਾਦਾ ਜੀ ਵੀ ਅਕਸਰ ਉਹਨਾਂ ਨੂੰ ਸਿੱਧਾ ਬੁਲਾਉਣ ਤੋਂ ਗੁਰੇਜ਼ ਕਰਦੇ। ਪਿੰਡ ਵਿੱਚ ਜਾਂ ਰਿਸ਼ਤੇਦਾਰੀ ਵਿੱਚ ਕੁਝ ਔਰਤਾਂ ਨਾਮ ਦਾ ਹੀ ਘੁੰਡ ਕੱਢਦੀਆਂ ਪ੍ਰੰਤੂ ਉਹ ਆਪਣੇ ਸਹੁਰੇ ਜਾਂ ਜੇਠ ਮੂਹਰੇ ਪਟਰ ਪਟਰ ਬੋਲਦੀਆਂ। ਮੇਰੀ ਮਾਂ ਅਕਸਰ ਉਹਨਾਂ ਦੀਆਂ ਗੱਲਾਂ ਘਰੇ ਕਰਦੀ। "ਜੇ ਅੱਖਾਂ ਦੀ ਸ਼ਰਮ ਨਹੀਂ ਰੱਖਣੀ ਤਾਂ ਪੱਲੂ ਲਮਕਾਉਣ ਦਾ ਕੀ ਫਾਇਦਾ।" ਉਹ ਅਕਸਰ ਕਹਿੰਦੀ। ਇਹ ਗੱਲ ਨਹੀਂ ਸੀ ਕਿ ਮੇਰੀ ਮਾਂ ਨੂੰ ਮੇਰੇ ਦਾਦਾ ਜੀ ਦੀ ਕਿਸੇ ਗੱਲ ਜਾਂ ਵਧੀਕੀ, ਅਨਿਆਂ ਤੇ ਗੁੱਸਾ ਨਹੀਂ ਸੀ ਆਉਂਦਾ। ਆਉਂਦਾ ਸੀ ਪਰ ਮਰਿਆਦਾ ਦੀ ਬੰਨੀ ਉਹ ਦਾਦਾ ਜੀ ਮੂਹਰੇ ਨਾ ਬੋਲਦੀ। ਪ੍ਰੰਤੂ ਘਰੇ ਆਕੇ ਆਪਣੇ ਅੰਦਰਲੀ ਭੜਾਸ ਜਰੂਰ ਕੱਢਦੀ। ਸਹੁਰੇ ਤੇ ਜੇਠ ਕੋਲੋਂ ਘੁੰਡ ਕੱਢਣ ਵਾਲੀ ਉਹ ਆਖਰੀ ਪੀੜ੍ਹੀ ਸੀ। ਫਿਰ ਘੁੰਡਲੈੱਸ ਦਾ ਜ਼ਮਾਨਾ ਆ ਗਿਆ। ਸਿੱਧਾ 'ਪਾਪਾ ਜੀ' 'ਪਾਪਾ ਜੀ' ਹੋਣ ਲੱਗ ਪਈ। ਪਰ ਆਪਸ ਵਿੱਚ ਬੋਲਣ ਅਤੇ ਸਵਾਲ ਜਵਾਬ ਕਰਨ ਦਾ ਸਿਲਸਿਲਾ ਸ਼ੁਰੂ ਹੋ ਗਿਆ। ਤਰਕ ਵਿਤਰਕ ਆਮ ਹੀ ਚੱਲਦੇ। ਨੂੰਹਾਂ ਨੂੰ ਧੀਆਂ ਵਾਲੇ ਅਖਤਿਆਰ ਮਿਲਣ ਲੱਗੇ। ਪ੍ਰੰਤੂ ਕਈ ਵਾਰੀ ਇੱਥੇ ਦੋਹਾਂ ਧਿਰਾਂ ਯਾਨੀ ਨੂੰਹ ਅਤੇ ਸਹੁਰੇ ਵੱਲੋਂ ਅਖਤਿਆਰਾਂ ਦੀ ਦੁਵਰਤੋਂ ਵੀ ਹੋ ਜਾਂਦੀ। ਪਰ ਸਿਆਣੀਆਂ ਧਿਰਾਂ ਗੱਲ ਸੰਭਾਲ ਲੈਂਦੀਆਂ। ਰਾਤ ਗਈ ਬਾਤ ਗਈ ਦੇ ਸਿਧਾਂਤ ਤੇ ਚੱਲਦੇ ਹੋਏ ਅੱਗੇ ਤੋਂ ਦਿਲ ਵਿੱਚ ਮੈਲ ਰੱਖੇ ਬਿਨਾਂ ਰੁਟੀਨ ਵਰਕ ਸ਼ੁਰੂ ਹੋ ਜਾਂਦਾ। ਇੱਕ ਵਾਰੀ ਮੇਰੇ ਪਾਪਾ ਜੀ ਨੇ ਮੈਨੂੰ ਕਿਸੇ ਗੱਲ ਤੇ ਕਾਫੀ ਝਿੜਕਿਆ। ਮੈਂ ਚੁੱਪ ਕਰ ਗਿਆ। ਮੇਰੇ ਨਾਲਦੀ ਦਾ ਪਾਰਾ ਚੜ੍ਹ ਗਿਆ ਤੇ ਉਸਨੇ ਮੇਰਾ ਪੱਖ ਲੈਂਦੀ ਹੋਈ ਨੇ ਮੇਰੇ ਮਾਤਾ ਕੋਲ੍ਹ ਗਿਲਾ ਕੀਤਾ ਅਤੇ ਜ਼ੋਰਦਾਰ ਸ਼ਬਦਾਂ ਵਿੱਚ ਆਪਣਾ ਰੋਸ ਜਾਹਿਰ ਕੀਤਾ।



"ਬੇਟਾ ਉਹ ਤੇਰਾ ਪਤੀ ਹੋਣ ਤੋਂ ਪਹਿਲਾਂ ਉਸਦਾ ਪੁੱਤਰ ਹੈ। ਪਿਓ ਨੂੰ ਆਪਣੀ ਔਲਾਦ ਨੂੰ ਝਿੜਕਣ ਦਾ ਪੂਰਾ ਅਧਿਕਾਰ ਹੈ।" ਮੇਰੀ ਮਾਂ ਨੇ ਆਪਣੀ ਨੂੰਹ ਨੂੰ ਤਰਕ ਤੇ ਹਲੀਮੀ ਨਾਲ ਸਮਝਾਇਆ। ਗਿਲਾ ਕਰਨ ਵਾਲੀ ਵੀ ਸਮਝ ਗਈ ਤੇ ਸੰਤੁਸ਼ਟ ਹੋ ਗਈ।

ਤੀਜੀ ਪੀੜ੍ਹੀ ਨੇ ਘੁੰਡ ਵਾਲੇ ਹਾਲਾਤ ਨਹੀਂ ਵੇਖੇ। ਉਹ ਬੰਦਿਸ਼ਾਂ ਨਹੀਂ ਵੇਖੀਆਂ। ਯਾਨੀ ਇਹ ਲੋਕ 1947 ਤੋਂ ਬਾਅਦ ਦੇ ਜੰਮੇ ਹਨ। ਬਚਪਨ ਤੋਂ ਰਹਿਣ ਦੀ ਆਜ਼ਾਦੀ ਅਤੇ ਬੋਲਣ ਦੀ ਸਵਤੰਤਰਤਾ ਵੇਖੀ ਹੈ। ਜਿਸਨੂੰ ਉਹ ਆਪਣਾ ਅਧਿਕਾਰ ਸਮਝਦੀ ਹੈ। ਮੇਰੇ ਖੁਦ ਦੇ ਧੀ ਨਹੀਂ ਹੈ। ਜੇ ਇਹਨਾਂ ਨੂੰ "ਪਾਪਾ ਪਾਪਾ" ਕਹਿਣ ਦਾ ਅਧਿਕਾਰ ਹੈ ਤਾਂ ਪਾਪਾ ਨਾਲ ਧੀਆਂ ਵਾਂਗੂ ਬਹਿਸ ਕਰਨ ਅਤੇ ਆਪਣੀ ਪਗਾਉਣ ਦੀ ਖੁਲ੍ਹ ਵੀ ਹੈ। ਇਹਨਾਂ ਦੇ ਉੱਚੇ ਬੋਲ ਵੀ ਦੂਜੇ ਕੰਨ ਰਾਹੀ ਬਾਹਰ ਕੱਢ ਦੇਈਦੇ ਹਨ। ਅੱਜ ਕੱਲ੍ਹ ਕੋਈ ਵੀ ਪਰਿਵਾਰ ਯੂਐਸਏ ਨਹੀਂ ਹੈ। ਸੂਬਿਆਂ ਨੂੰ ਪੂਰੇ ਅਖਤਿਆਰ ਦਿੱਤੇ ਹੋਏ ਹਨ। ਕੇਂਦਰ ਸਰਕਾਰ ਸਿਰਫ ਆਪਣੇ ਨਿੱਜੀ ਮਾਮਲਿਆਂ ਵਿੱਚ ਰੁਚੀ ਲੈਂਦੀ ਹੈ। ਬੱਸ ਕੇਂਦਰ ਨੇ ਅਸ਼ੀਰਵਾਦ ਦੇਣ ਦਾ ਮਹਿਕਮਾ ਆਪਣੇ ਕੋਲ੍ਹ ਰੱਖਿਆ ਹੈ। ਇਹੀ ਮਜਬੂਤ ਰਾਸ਼ਟਰ ਦੇ ਹਿੱਤ ਵਿੱਚ ਹੈ।



**ਰਮੇਸ਼ ਸੇਠੀ ਬਾਦਲ**

Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition

# ਸਾਡੇ DIGITAL MEDIA ਨਾਲ ਜੁੜੋ

ਸਾਨੂੰ ਫੇਸਬੁੱਕ ਤੇ ਲਾਇਕ ਕਰੋ — facebook samajweekly

ਸਾਨੂੰ ਐਕਸ ਤੇ ਫੌਲੋ ਕਰੋ — X @samajweekly

## ਸਾਡੇ ਵਟਸਐੱਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ




ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ ਰੋਜਾਨਾ PDF ਉਹ ਵੀ ਬਿਲਕੁਲ ਮੁੱਫਤ

ਅਖਬਾਰ ਵਿੱਚ ਇਸ਼ਤਿਹਾਰ ਦੇਣ ਲਈ ਅਤੇ ਵੈਬਸਾਈਟ ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

+44 7878 456484
email:-Samajweekly@gmail.com